

# Age-Friendly Caledon Directory

## ਕੈਲੇਡਨ ਖੇਤਰ ਵਿੱਚ ਰਹਿ ਰਹੇ 55+ ਸਾਲਾਂ ਦੇ ਬਾਲਗਾਂ ਅਤੇ ਉਹਨਾਂ ਦੇ ਦੇਖਭਾਲ ਕਰਤਾਵਾਂ ਵਾਸਤੇ ਇੱਕ ਸਰੋਤ

TOWN OF CALEDON

Age-Friendly
Caledon

# Age-Friendly Caledon ਕੀ ਹੈ?

ਕੈਲੇਡਨ ਕਸਬਾ 55 ਸਾਲਾਂ ਅਤੇ ਇਸ ਤੋਂ ਵੱਡੀ ਉਮਰ ਦੇ ਵਾਸੀਆਂ ਵਾਸਤੇ ਭਾਈਚਾਰਕ ਸੰਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਦ੍ਰਿੜ ਸੰਕਲਪ ਹੈ। ਅਸੀਂ ਇੱਕ **Age-Friendly Action Plan** ਬਣਾਇਆ ਹੈ ਜਿਸਨੂੰ ਉਹ ਰੁਕਾਵਟਾਂ ਦੂਰ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ ਜੋ ਕੈਲੇਡਨ ਨੂੰ ਰਹਿਣ ਲਈ ਇੱਕ ਸ਼ਾਨਦਾਰ ਸਥਾਨ ਬਣਾਉਣ ਵਾਲੇ ਲੋਕਾਂ, ਸਥਾਨਾਂ ਅਤੇ ਸੇਵਾਵਾਂ ਨਾਲ ਕਨੈਕਟ ਹੋਣ ਦੀ ਤੁਹਾਡੀ ਯੋਗਤਾ ਉੱਤੇ ਪ੍ਰਭਾਵ ਪਾਉਂਦੀਆਂ ਹਨ।

ਅਗਲੇ ਦਹਾਕੇ ਦੌਰਾਨ, ਕੈਲੇਡਨ ਵਿੱਚ ਅੱਜ ਦੇ ਮੁਕਾਬਲੇ 55 ਸਾਲਾਂ ਅਤੇ ਇਸ ਤੋਂ ਵੱਡੀ ਉਮਰ ਦੇ ਲਗਭਗ 10,000 ਤੋਂ ਵੀ ਵੱਧ ਵਸਨੀਕ ਹੋਣਗੇ। ਇਸ ਵੱਡੇ ਜਨਸੰਖਿਆ ਬਦਲਾਅ ਨਾਲ ਨਿਪਟਣ ਲਈ, ਟਾਊਨ ਇਸ ਨਵੀਂ ਭਾਈਚਾਰਕ ਪਹਿਲਕਦਮੀਂ ਨੂੰ ਅਰੰਭ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸਦੀਆਂ ਸਹਾਇਤਾ ਪ੍ਰਣਾਲੀਆਂ (ਪ੍ਰੋਗਰਾਮ, ਸੇਵਾਵਾਂ ਅਤੇ ਸੁਵਿਧਾਵਾਂ) ਇੱਕ ਵਧ ਰਹੇ ਅਤੇ ਬੁੱਢੇ ਹੋ ਰਹੇ ਜਨਸੰਖਿਆ ਆਧਾਰ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੋਣ।

# Age-Friendly Caledon
# ਟੀਮ ਵੱਲੋਂ ਇੱਕ ਸੰਦੇਸ਼

ਤੁਸੀਂ ਬੋਲੇ ਅਤੇ ਅਸੀਂ ਤੁਹਾਡੀ ਗੱਲ ਸੁਣੀ! ਇਹ Age-Friendly Directory ਕਿਸੇ ਡਿਜੀਟਲ ਡੀਵਾਈਸ ਤੱਕ ਸੀਮਤ ਜਾਂ ਕੋਈ ਪਹੁੰਚ ਨਾ ਰੱਖਣ ਵਾਲੇ ਵਿਅਕਤੀਆਂ ਦੀ ਸਹਾਇਤਾ ਕਰਨ ਲਈ ਅਤੇ ਉਹਨਾਂ ਨੂੰ ਕੈਲੇਡਨ ਦੇ ਭਾਈਚਾਰੇ ਨਾਲ ਕਨੈਕਟ ਕਰਨ ਲਈ ਵਿਕਸਿਤ ਕੀਤੀ ਗਈ ਸੀ। ਇਸ ਕਿਤਾਬਚੇ ਵਿੱਚ ਤੁਸੀਂ ਸਥਾਨਕ ਸੇਵਾਵਾਂ ਅਤੇ ਸਹਾਇਤਾਵਾਂ ਦੇਖੋਂਗੇ ਜੋ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨਗੀਆਂ ਕਿ ਤੁਸੀਂ ਤੰਦਰੁਸਤੀ ਨਾਲ ਬੁੱਢੇ ਹੋ ਸਕਦੇ ਹੋ ਅਤੇ ਸਥਾਨਕ, ਪ੍ਰਾਂਤਕੀ ਅਤੇ ਕੌਮੀ ਪੱਧਰ 'ਤੇ ਕਿਸੇ ਸਥਾਨ 'ਤੇ ਬੁੱਢੇ ਹੋ ਸਕਦੇ ਹੋ। ਜੇ ਤੁਹਾਨੂੰ ਕਿਸੇ ਵਿਸ਼ੇਸ਼ ਲੋੜ ਵਾਸਤੇ ਸਹਾਇਤਾ ਦੀ ਲੋੜ ਪੈਂਦੀ ਹੈ ਜਾਂ ਤੁਸੀਂ ਉਸ ਕਿਸਮ ਦੀ ਸਹਾਇਤਾ ਨਹੀਂ ਦੇਖਦੇ ਜਿਸਦੀ ਤੁਸੀਂ ਤਲਾਸ਼ ਕਰ ਰਹੇ ਹੋ, ਤਾਂ ਕਿਰਪਾ ਕਰਕੇ Age-Friendly ਸਟਾਫ਼ ਨਾਲ ਕਨੈਕਟ ਕਰੋ ਜਾਂ ਆਪਣੇ ਫ਼ੋਨ ਤੋਂ 211 ਨੰਬਰ ਡਾਇਲ ਕਰੋ। 150 ਭਾਸ਼ਾਵਾਂ ਵਿੱਚ 24/7 ਉਪਲਬਧ ਸਹਾਇਤਾ ਦੇ ਨਾਲ, ਅਸੀਂ ਏਥੇ ਮਦਦ ਕਰਨ ਲਈ ਮੌਜੂਦ ਹਾਂ।

ਤਹਿ ਦਿਲੋਂ,

ਤੁਹਾਡੀ Age-Friendly Caledon ਟੀਮ

ਜੇ ਤੁਹਾਡੇ ਕੋਈ ਸਵਾਲ, ਟਿੱਪਣੀਆਂ ਹਨ ਜਾਂ ਤੁਹਾਨੂੰ ਆਵਾਗੌਣ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸੰਪਰਕ ਕਰੋ:

**Age-Friendly Caledon**
**ਫ਼ੋਨ: 311**
**ਈਮੇਲ: adult55@caledon.ca**
**ਵੈੱਬ: www.caledon.ca/adult55**

# ਤਤਕਰਾ

**ਝਟਪਟ ਹਵਾਲਾ ਨੰਬਰ** **6**



**ਬਸੇਰਾ** **7**
- ਵਕਾਲਤ ਅਤੇ ਸਹਾਇਤਾ ਸੇਵਾਵਾਂ 7
- ਟੈਕਸ ਕ੍ਰੈਡਿਟ ਅਤੇ ਵਿੱਤੀ ਸਹਾਇਤਾ 8
- ਸ਼ਰਣ, ਸਹਾਇਤਾਕਾਰੀ ਅਤੇ ਸੁਤੰਤਰ ਬਸੇਰਾ ਵਿਕਲਪ 10



**ਗਤੀਸ਼ੀਲਤਾ** **12**
- ਵਿੱਤੀ ਸਹਾਇਤਾ ਪ੍ਰੋਗਰਾਮ 12
- ਆਵਾਜਾਈ ਵਿੱਚ ਸਹਾਇਤਾਵਾਂ 13
- ਕੱਚੇ-ਰਸਤੇ (trailways) ਅਤੇ ਸਰਗਰਮ ਆਵਾਜਾਈ-ਸਾਧਨ 16



**ਸੰਚਾਰ** **17**
- ਆਵਾਗੌਣ ਅਤੇ ਜਾਣਕਾਰੀ ਸੰਬੰਧੀ ਸਰੋਤ 17



**ਭਾਈਚਾਰਕ ਸਹਾਇਤਾ ਅਤੇ ਸਿਹਤ ਸੇਵਾਵਾਂ** **19**
- ਸਿਹਤ ਅਤੇ ਤੰਦਰੁਸਤੀ ਸੇਵਾਵਾਂ 19
- ਮਾਨਸਿਕ ਸਿਹਤ ਅਤੇ ਪਦਾਰਥਾਂ ਦੀ ਵਰਤੋਂ ਸੰਬੰਧੀ ਸਰੋਤ 24
- ਸੱਭਿਆਚਾਰਕ ਸਰੋਤ 26
- ਭੋਜਨ ਅਤੇ ਪੋਸ਼ਣ ਸੰਬੰਧੀ ਸਹਾਇਤਾ 29

**ਆਦਰ ਅਤੇ ਸੰਮਿਲਨਤਾ** **31**

**ਭਾਗੀਦਾਰੀ** **32**
- ਸਰਵਿਸ ਕਲੱਬਾਂ ਅਤੇ ਭਾਈਚਾਰਕ ਗਰੁੱਪ 32

**ਸੁਰੱਖਿਆ ਅਤੇ ਪਹੁੰਚਯੋਗਤਾ** **36**
- ਟਾਊਨ ਪ੍ਰੋਗਰਾਮ ਅਤੇ ਸੇਵਾਵਾਂ 36
- ਪਹੁੰਚਯੋਗਤਾ ਸੇਵਾਵਾਂ ਅਤੇ ਸਹਾਇਤਾਵਾਂ 37
- ਕਨੂੰਨੀ ਸੇਵਾਵਾਂ ਅਤੇ ਸਹਾਇਤਾਵਾਂ 38

**ਭਾਈਚਾਰਕ ਸ਼ਮੂਲੀਅਤ** **40**
- ਕੈਲੇਡਨ ਵਿੱਚ ਸਵੈਸੇਵੀ ਬਣਨਾ 40
- ਭਾਈਚਾਰੇ ਵਿੱਚ ਸਵੈਸੇਵੀ ਬਣਨ ਦੇ ਮੌਕੇ 40
- ਰੁਜ਼ਗਾਰ ਵਿੱਚ ਸਹਾਇਤਾਵਾਂ 41

# ਛਟਪਟ ਹਵਾਲਾ ਨੰਬਰ

211* ਸਮਾਜਕ ਸੇਵਾਵਾਂ ਅਤੇ ਸਹਾਇਤਾਵਾਂ ਵਾਸਤੇ ਜਾਣਕਾਰੀ ਅਤੇ ਸਿਫਾਰਸ਼ਾਂ
311* ਨਗਰਪਾਲਿਕਾ ਸੇਵਾਵਾਂ ਅਤੇ ਸਹਾਇਤਾਵਾਂ ਵਾਸਤੇ ਜਾਣਕਾਰੀ ਅਤੇ ਸਿਫਾਰਸ਼ਾਂ
811* ਹੈਲਥ ਕੇਅਰ ਕਨੈਕਟ ਓਨਟੈਰੀਓ – ਸਿਹਤ-ਸੰਭਾਲ ਵਿੱਚ ਸਹਿਯੋਗ ਅਤੇ ਸਹਾਇਤਾ
911 ਸੰਕਟਕਾਲ ਵਿੱਚ ਹੁੰਗਾਰਾ (ਪੁਲਿਸ, ਫਾਇਰ, ਐਂਬੂਲੈਂਸ)

**ਜੇ ਤੁਹਾਨੂੰ ਕਿਸੇ ਸੰਕਟਕਾਲ ਦਾ ਅਨੁਭਵ ਹੋ ਰਿਹਾ ਹੈ, ਤਾਂ ਕਿਰਪਾ ਕਰਕੇ ਸਹਾਇਤਾ ਵਾਸਤੇ ਆਪਣੇ ਫ਼ੋਨ ਤੋਂ 911 'ਤੇ ਕਾਲ ਕਰੋ।**

***211, 311 ਅਤੇ 811 ਤੁਹਾਨੂੰ ਸਿਰਫ਼ ਕੈਲੇਡਨ ਦੀਆਂ ਸੇਵਾਵਾਂ ਨਾਲ ਕਨੈਕਟ ਕਰਨਗੇ ਜਦ ਕਾਲ ਕੈਲੇਡਨ ਖੇਤਰ ਤੋਂ ਕੀਤੀ ਜਾਂਦੀ ਹੈ।**

| | |
|---|---|
| ਕੈਲੇਡਨ OPP ਗੈਰ-ਸੰਕਟਕਾਲੀ ਪੁਲਿਸ ਸੇਵਾਵਾਂ | 1-888-310-1122 **ਜਾਂ** 1-888-310-1133 (TTY) |
| ਕੈਲੇਡਨ ਫਾਇਰ ਗੈਰ-ਸੰਕਟਕਾਲੀ | 905-584-2272 x 4303 **ਜਾਂ** 311 |
| ਕੈਨੇਡੀਅਨ ਮੈਂਟਲ ਹੈਲਥ – ਸੰਕਟ ਲਾਈਨ | 905-278-9036 |
| ਕੈਲੇਡਨ ਡਫਰਿਨ ਵਿਕਟਿਮ ਸਰਵਿਸਜ਼ – ਸੰਕਟ ਲਾਈਨ | 905-951-3838 |
| ਡਫਰਿਨ/ਕੈਲੇਡਨ ਭਾਈਚਾਰਾ ਮਦਦ ਲਾਈਨ | 1-844-806-3093 |
| ਹੋਮ ਐਂਡ ਕਮਿਊਨਿਟੀ ਕੇਅਰ CW | 310-2222 ਜਾਂ ਟੌਲ-ਫ੍ਰੀ: 1-888-733-1177 |

ਯਾਦ ਰੱਖਣ ਲਈ ਮਹੱਤਵਪੂਰਨ ਨੰਬਰ: ______________________

# ਬਸੇਰਾ

ਜਦ ਤੁਸੀਂ ਬੁੱਢੇ ਹੁੰਦੇ ਹੋ ਤਾਂ ਤੁਹਾਡੀਆਂ ਬਸੇਰੇ ਸੰਬੰਧੀ ਲੋੜਾਂ ਬਦਲ ਸਕਦੀਆਂ ਹਨ, ਅਤੇ ਆਪਣੇ ਵਰਤਮਾਨ ਘਰ ਜਾਂ ਭਾਈਚਾਰੇ ਵਿੱਚ ਟਿਕੇ ਰਹਿਣ ਲਈ ਤੁਹਾਨੂੰ ਵਾਧੂ ਸਹਾਇਤਾਵਾਂ ਦੀ ਲੋੜ ਪੈ ਸਕਦੀ ਹੈ। ਤੁਹਾਡੀਆਂ ਲੋੜਾਂ 'ਤੇ ਨਿਰਭਰ ਕਰਨ ਅਨੁਸਾਰ ਕਈ ਕਿਸਮ ਦੇ ਬਸੇਰਾ ਵਿਕਲਪ ਤੁਹਾਡੇ ਲਈ ਉਪਲਬਧ ਹਨ। ਕੁਝ ਬਸੇਰਾ ਪਰਿਦ੍ਰਿਸ਼ਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਵਾਧੂ ਸਹਾਇਤਾ ਦੇ ਨਾਲ ਆਪਣੇ ਖੁਦ ਦੇ ਘਰ ਵਿੱਚ ਰਹਿਣਾ
- ਪਰਿਵਾਰਕ ਮੈਂਬਰਾਂ ਨਾਲ ਜਾਂ ਦੋਸਤਾਂ ਨਾਲ ਰਹਿਣਾ
- ਕਿਸੇ ਰਿਟਾਇਰਮੈਂਟ ਕਮਿਊਨਿਟੀ ਵਿੱਚ ਰਹਿਣਾ
- ਕਿਸੇ ਰਿਟਾਇਰਮੈਂਟ ਹੋਮ ਜਾਂ ਲੰਬੀ-ਮਿਆਦ ਦੇ ਦੇਖਭਾਲ ਘਰ (care home) ਵਿੱਚ ਰਹਿਣਾ ਜਿੱਥੇ ਖਾਣੇ ਅਤੇ ਦੇਖਭਾਲ ਪ੍ਰਦਾਨ ਕੀਤੇ ਜਾਂਦੇ ਹਨ

## ਵਕਾਲਤ ਅਤੇ ਸਹਾਇਤਾ ਸੇਵਾਵਾਂ

**ਹੋਮ ਐਂਡ ਕਮਿਊਨਿਟੀ ਕੇਅਰ ਸਪੋਰਟ ਸਰਵਿਸਜ਼ ਸੈਂਟਰਲ ਵੈਸਟ**
**310-2222 | ਟੋਲ-ਫ੍ਰੀ: 1-888-733-1177 | cwcommunications@hccontario.ca**
ਵਸਨੀਕਾਂ ਵਾਸਤੇ ਘਰ ਵਿਖੇ ਦੇਖਭਾਲ ਪ੍ਰਾਪਤ ਕਰਨ ਅਤੇ ਵੱਧ ਤੋਂ ਵੱਧ ਸੰਭਵ ਹੱਦ ਤੱਕ ਸੁਤੰਤਰ ਰਹਿਣ ਲਈ ਸਹਾਇਤਾ।

**Downsizing Diva**
**416-818-8249 | lisa@downsizingdiva.ca**
ਸੇਵਾਵਾਂ ਅਤੇ ਸਹਾਇਤਾਵਾਂ ਸਥਾਨਅੰਤਰਿਤ ਕਰਨਾ ਅਤੇ ਇਹਨਾਂ ਦਾ ਆਕਾਰ ਘਟਾਉਣਾ। ਸੇਵਾਵਾਂ ਵਾਸਤੇ ਫੀਸ।

## ਪ੍ਰਾਂਤਕੀ/ਸੰਘੀ ਸੇਵਾਵਾਂ

**Advocacy Centre for Tenants Ontario (ACTO)**
**416-597-5855**
ਕਿਰਾਏਦਾਰੀ ਨਾਲ ਸੰਬੰਧਿਤ ਮਸਲਿਆਂ ਵਾਸਤੇ ਮੁਫ਼ਤ ਕਨੂੰਨੀ ਸਲਾਹ। Landlord Tenant Board ਵਿਖੇ ਕਿਰਾਏਦਾਰਾਂ ਲਈ ਡਿਊਟੀ ਕੌਂਸਲ ਨੂੰ ਚਲਾਉਂਦੀ ਹੈ।

**Canadian Mortgage and Housing Corporation (CMHC)**
**1-800-668-2642 | contactcentre@cmhc.ca**
ਸਸਤੇ ਬਸੇਰੇ ਵਾਸਤੇ ਮੁਫ਼ਤ ਸਰੋਤ ਅਤੇ ਟੂਲ।

**Landlord Tenant Board (LTB)**
**ਟੋਲ-ਫ੍ਰੀ: 1-888-332-3234 | TTY: 1-800-855-0511 | LTB@ontario.ca**
ਮਕਾਨ-ਮਾਲਕਾਂ ਅਤੇ ਕਿਰਾਏਦਾਰਾਂ ਵਾਸਤੇ ਹੌਟਲਾਈਨ ਜਿੱਥੇ ਮਕਾਨ-ਮਾਲਕਾਂ ਅਤੇ ਕਿਰਾਏਦਾਰਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਪੁੱਛਗਿੱਛ ਕੀਤੀ ਜਾਂਦੀ ਹੈ। ਕਿਰਾਏਦਾਰੀ ਨਾਲ ਸੰਬੰਧਿਤ ਮਸਲਿਆਂ ਵਾਸਤੇ ਟ੍ਰਿਬਿਊਨਲ ਨੂੰ ਸੁਵਿਧਾਜਨਕ ਬਣਾਉਂਦੀ ਹੈ।

**Ontario Aboriginal Housing Services**
**1-866-391-1061 | info@oahssc.ca**
ਓਨਟੈਰੀਓ ਔਫ-ਰਿਜ਼ਰਵ ਵਿਚਲੇ ਆਦਿਵਾਸੀ ਲੋਕਾਂ ਵਾਸਤੇ ਸੁਰੱਖਿਅਤ ਅਤੇ ਪੁੱਗਣਯੋਗ ਬਸੇਰਾ ਸਹਾਇਤਾ।

**Retirement Homes Regulatory Association**
**ਟੋਲ-ਫ੍ਰੀ: 1-855-275-7472 | info@rhra.ca**
ਓਨਟੈਰੀਓ ਦੇ ਰਿਟਾਇਰਮੈਂਟ ਘਰਾਂ ਵਿੱਚ ਰਹਿ ਰਹੇ ਲੋਕਾਂ ਦੀ ਰੱਖਿਆ ਕਰਦੀ ਹੈ ਅਤੇ ਉਹਨਾਂ ਦੀ ਸਲਾਮਤੀ ਨੂੰ ਯਕੀਨੀ ਬਣਾਉਂਦੀ ਹੈ। ਕਿਸੇ ਵੀ ਸ਼ੰਕਿਆਂ ਦੀ ਰਿਪੋਰਟ ਕਰਨ ਲਈ ਕਾਲ ਕਰੋ।

# ਟੈਕਸ ਕ੍ਰੈਡਿਟ ਅਤੇ ਵਿੱਤੀ ਸਹਾਇਤਾ

ਕੈਲੇਡਨ ਕਸਬਾ 65 ਸਾਲਾਂ ਤੋਂ ਵੱਧ ਉਮਰ ਦੇ ਘੱਟ-ਆਮਦਨ ਵਾਲੇ ਵਿਅਕਤੀਆਂ ਜਾਂ ਸਰੀਰਕ ਅਪੰਗਤਾ ਵਾਲੇ ਵਿਅਕਤੀਆਂ ਵਾਸਤੇ ਇੱਕ ਸਾਲਾਨਾ ਟੈਕਸ ਛੋਟ ਪ੍ਰੋਗਰਾਮ ਦੀ ਪੇਸ਼ਕਸ਼ ਕਰਦਾ ਹੈ ਤਾਂ ਜੋ ਜਾਇਦਾਦ ਟੈਕਸਾਂ ਦੀਆਂ ਲਾਗਤਾਂ ਦੀ ਭਰਪਾਈ ਕਰਨ ਵਿੱਚ ਮਦਦ ਕੀਤੀ ਜਾ ਸਕੇ ਅਤੇ ਵਿਅਕਤੀਆਂ ਨੂੰ ਉਹਨਾਂ ਦੇ ਆਪਣੇ ਘਰਾਂ ਵਿੱਚ ਵੱਧ ਤੋਂ ਵੱਧ ਸੰਭਵ ਸਮੇਂ ਤੱਕ ਟਿਕੇ ਰਹਿਣ ਵਿੱਚ ਮਦਦ ਕੀਤੀ ਜਾ ਸਕੇ। ਇਸ ਵਿੱਤੀ ਪ੍ਰੋਗਰਾਮ ਬਾਰੇ ਜਾਣਕਾਰੀ ਵਾਸਤੇ ਕਿਰਪਾ ਕਰਕੇ ਸੰਪਰਕ ਕਰੋ:

**ਵੱਡੀ ਉਮਰ ਦੇ ਬਾਲਗਾਂ (65+) ਜਾਂ ਅਪੰਗਤਾਵਾਂ ਵਾਲੇ ਵਿਅਕਤੀਆਂ ਵਾਸਤੇ ਟੈਕਸ ਵਿੱਚ ਸਹਾਇਤਾ**
**311 | records@caledon.ca**

# ਵਾਧੂ ਗ੍ਰਾਂਟਾਂ ਅਤੇ ਵਿੱਤੀ ਸਹਾਇਤਾ ਪ੍ਰੋਗਰਾਮ

**Canada Greener Homes Grant**
**1-833-674-8282 | TTY: 1-800-465-7735**
ਵਸਨੀਕਾਂ ਨੂੰ ਆਪਣੇ ਘਰ ਵਧੇਰੇ ਊਰਜਾ ਸੁਯੋਗ ਬਣਾਉਣ ਵਿੱਚ ਸਹਾਇਤਾ ਕਰਨ ਲਈ ਸੰਘੀ ਸਰਕਾਰ ਕੋਲੋਂ ਵਿੱਤੀ ਸਹਾਇਤਾ।

**March of Dimes – ਘਰ ਅਤੇ ਵਾਹਨ ਵਿੱਚ ਸੋਧ**
**1-877-369-4867 | hvmp@marchofdimes.ca**
ਯੋਗ ਵਡੇਰੀ ਉਮਰ ਦੇ ਬਾਲਗਾਂ ਅਤੇ ਸਰੀਰਕ ਅਪੰਗਤਾ ਵਾਲੇ ਲੋਕਾਂ ਵਾਸਤੇ ਘਰ ਅਤੇ ਵਾਹਨ ਵਿੱਚ ਸੋਧਾਂ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਵਿੱਤੀ ਸਹਾਇਤਾ।

**Municipal Property Assessment Corporation**
**ਟੋਲ-ਫ੍ਰੀ: 1-866-296-6722 | TTY: 1-877-889-6722**
ਯੋਗਤਾ ਪੂਰੀ ਕਰਨ ਵਾਲੇ ਘਰ-ਮਾਲਕਾਂ ਵਾਸਤੇ ਟੈਕਸ ਛੋਟਾਂ ਜਿੱਥੇ ਪਹੁੰਚਯੋਗਤਾ ਸੰਬੰਧੀ ਅਨੁਕੂਲਤਾਵਾਂ ਕੀਤੀਆਂ ਗਈਆਂ ਹਨ।

**Ontario Electricity Support Program**
**1-855-831-8151 | TTY: 1-800-855-1155 | help@OntarioElectricitySupport.ca**
ਯੋਗਤਾ ਪੂਰੀ ਕਰਨ ਵਾਲੇ ਘੱਟ-ਆਮਦਨ ਵਾਲੇ ਓਨਟੈਰੀਓ ਵਾਸੀਆਂ ਵਾਸਤੇ ਬਿਜਲੀ ਦੇ ਬਿੱਲਾਂ ਵਾਸਤੇ ਵਿੱਤੀ ਸਹਾਇਤਾ ਉਪਲਬਧ ਹੈ।

**West Bolton SNAP – Toronto Region Conservation Authority**
**437-880-2409**
ਡਾਊਨਟਾਊਨ ਬੋਲਟਨ ਵਿੱਚ ਸਥਿਤ West-Bolton SNAP ਭਾਈਚਾਰੇ ਵਿੱਚ ਗ੍ਰੀਨ ਹੋਮ ਵਾਸਤੇ ਲਾਭ ਅਤੇ ਰੈਟਰੋਫਿਟ ਪ੍ਰੋਗਰਾਮ ਪ੍ਰਦਾਨ ਕਰਾਉਂਦੀ ਹੈ।

# ਸ਼ਰਣ, ਸਹਾਇਤਾਕਾਰੀ ਅਤੇ ਸੁਤੰਤਰ ਬਸੇਰਾ ਵਿਕਲਪ

ਜੇ ਤੁਸੀਂ ਆਪਣੇ ਮੌਜੂਦਾ ਘਰ ਤੋਂ ਛੋਟੇ ਆਕਾਰ ਦੇ ਘਰ ਦੀ ਤਲਾਸ਼ ਕਰ ਰਹੇ ਹੋ, ਤੁਹਾਨੂੰ ਸੰਕਟਕਾਲ ਵਿੱਚ ਸ਼ਰਣ ਦੀ ਲੋੜ ਹੈ ਜਾਂ ਜੇ ਤੁਹਾਨੂੰ ਦਿਨ-ਪ੍ਰਤੀ-ਦਿਨ ਦੇ ਆਧਾਰ 'ਤੇ ਵਾਧੂ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਹੇਠਾਂ ਦੱਸੇ ਗਏ ਬਸੇਰਾ ਵਿਕਲਪ ਲੱਭ ਸਕਦੇ ਹੋ। ਲੰਬੀ-ਮਿਆਦ ਦੀ ਦੇਖਭਾਲ ਬਾਰੇ ਜਾਣਕਾਰੀ ਜਾਂ ਉਡੀਕ-ਸੂਚੀਆਂ ਵਾਸਤੇ, ਕਿਰਪਾ ਕਰਕੇ Home and Community Care ਸੈਂਟਰਲ ਵੈਸਟ ਨਾਲ ਸੰਪਰਕ ਕਰੋ ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ।

**Home and Community Care – ਲੰਬੀ-ਮਿਆਦ ਲਈ ਦੇਖਭਾਲ**
**310-2222 (ਕਿਸੇ ਖੇਤਰ ਕੋਡ ਦੀ ਲੋੜ ਨਹੀਂ) | ਟੋਲ-ਫ੍ਰੀ: 1-888-733-1177 | cwcommunications@hccontario.ca**
ਓਨਟੈਰੀਓ ਵਿੱਚ ਲੰਬੀ-ਮਿਆਦ ਦੀ ਦੇਖਭਾਲ ਦੇ ਮੁਲਾਂਕਣ, ਯੋਗਤਾ ਸਮੀਖਿਆ ਪ੍ਰਕਿਰਿਆ ਅਤੇ ਘਰਾਂ ਵਾਸਤੇ ਉਡੀਕ-ਸੂਚੀ ਬਾਰੇ ਜਾਣਕਾਰੀ।

## ਸਥਾਨਕ ਸਰੋਤ

**Abbeyfield House Caledon**
**905-860-0181 | intake@abbefieldcaledon.org | info@abbeyfieldcaledon.org**
ਸਾਂਝੀ ਰਿਹਾਇਸ਼ ਦੇ ਮਹੌਲ ਰਾਹੀਂ ਕੈਲੇਡਨ ਵਿੱਚ ਸੁਤੰਤਰ ਬਜ਼ੁਰਗਾਂ ਵਾਸਤੇ ਗੈਰ-ਮੁਨਾਫਾ ਬਸੇਰਾ।

**Caledon Community Services – ਟ੍ਰਾਂਜਿਸ਼ਨਲ ਕੇਅਰ ਸੈਂਟਰ**
**905-584-2300 ਐਕਸਟੈਂਸ਼ਨ 225 | info@ccs4u.org**
ਐਲਟਨ ਵਿੱਚ ਸਥਿਤ, ਇਹ ਥੋੜ੍ਹੀ-ਮਿਆਦ ਦੀ ਤਿੰਨ-ਬੈੱਡ, ਦੋ ਕਮਰਿਆਂ ਦੀ ਫੈਸਿਲਟੀ ਤੁਹਾਨੂੰ ਉਸ ਸਮੇਂ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਵਿੱਚ ਮਦਦ ਕਰਦੀ ਹੈ ਜਦ ਕੋਈ ਬਿਮਾਰੀ ਜਾਂ ਸੱਟ ਗਲਬਾ ਪਾ ਲੈਂਦੀ ਹੈ।

**Family Transition Place**
**ਕੈਲੇਡਨ: 905-584-4357 | ਡਫਰਿਨ: 519-941-4357 | ਟੋਲ-ਫ੍ਰੀ: 1-800-265-9178 | support@familytransitionplace.ca**
ਦੁਰਵਿਵਹਾਰ ਜਾਂ ਬੇਘਰੀ ਅਨੁਭਵ ਕਰ ਰਹੀਆਂ ਔਰਤਾਂ ਵਾਸਤੇ ਸੰਕਟਕਾਲੀ ਸ਼ਰਣ, ਬਸੇਰੇ ਵਿੱਚ ਸਹਾਇਤਾ, ਆਊਟਰੀਚ ਸਹਾਇਤਾ ਅਤੇ ਸੰਕਟ ਵਿੱਚ ਸਹਾਇਤਾ।

**Legacy Pines Palgrave Retirement Community**

**905-583-5000**

55+ ਸਾਲਾਂ ਦੇ ਲੋਕਾਂ ਦੀ ਕਿਰਿਆਸ਼ੀਲ ਜੀਵਨ ਜਿਉਣ ਵਾਲੀ ਰਿਟਾਇਰਮੈਂਟ ਕਮਿਊਨਿਟੀ ਜੋ ਪਾਲਗਰੇਵ ਵਿੱਚ ਸਥਿਤ ਹੈ।

**Peel Living Apartment Buildings Available Across Caledon (ਸੱਤ ਇਮਾਰਤਾਂ)**

ਕੈਲੇਡਨ ਵਿੱਚ ਵਡੇਰੀ ਉਮਰ ਦੇ ਬਾਲਗਾਂ (65+) ਵਾਸਤੇ ਆਮਦਨ/ਮਾਰਕੀਟ ਮੁੱਲ ਅਨੁਸਾਰ ਸਮਾਯੋਜਿਤ ਕਿਰਾਇਆ। ਵਧੇਰੇ ਜਾਣਕਾਰੀ ਲਈ 311 ’ਤੇ ਕਾਲ ਕਰੋ ਜਾਂ adult55@caledon.ca ’ਤੇ ਈਮੇਲ ਕਰੋ।

**Supportive Housing in the Province (SHIP)**

**905-795-8742 | ਟੋਲ-ਫ੍ਰੀ: 1-855-795-8742 | intake@shipshey.ca | info@shipshey.ca**

SHIP ਕੈਲੇਡਨ ਅਤੇ ਇਸਦੇ ਲਾਗਲੇ ਖੇਤਰਾਂ ਵਿੱਚ ਕਈ ਕਿਸਮਾਂ ਦੇ ਬਸੇਰੇ ਦੀ ਪੇਸ਼ਕਸ਼ ਕਰਦੀ ਹੈ: ਪਰਿਵਰਤਨਕਾਰੀ, ਸੰਕਟਕਾਲੀ ਬੈੱਡ, ਸਹਾਇਤਾਕਾਰੀ ਅਤੇ ਪੁੱਗਣਯੋਗ ਬਸੇਰਾ। ਇਸ ਵਿੱਚ ਕੈਲੇਡਨ ਵਿੱਚ ਓਲਿਵਰ ਹਾਊਸ ਅਤੇ ਪੀਸ ਰੈਂਚ ਵੀ ਸ਼ਾਮਲ ਹੈ।

SORRENTO
RETIREMENT RESIDENCE
ALL FOR ONE
ALL-INCLUSIVE PRICE!




At Sorrento, you'll have access to fabulous amenities and services including:

Spacious suites

3 gourmet meals per day in our luxurious dining room

Full calendar of activities and events

A pool, gym, bistro, theatre and craft kitchen all for you to enjoy

24-hour registered staff

Conveniently located in a beautiful setting steps from downtown Bolton

(647) 317-7242

VIEW OUR VIRTUAL TOUR AT SORRENTOTOUR.CA

# ਗਤੀਸ਼ੀਲਤਾ

ਵਡੇਰੀ ਉਮਰ ਦੇ ਉਹ ਬਾਲਗ ਜੋ ਆਪਣੇ ਘਰ ਅਤੇ ਭਾਈਚਾਰੇ ਵਿੱਚ ਸੁਤੰਤਰ ਤੌਰ 'ਤੇ ਆਵਾਗੌਣ ਕਰਨ ਦੀ ਸਮਰੱਥਾ ਗੁਆ ਬੈਠਦੇ ਹਨ, ਉਹਨਾਂ ਦੀ ਆਪਣੇ ਟਿਕਾਣੇ 'ਤੇ ਬੁਢਾਪਾ ਕੱਟਣ ਦੀ ਸੰਭਾਵਨਾ ਘਟ ਜਾਂਦੀ ਹੈ। ਇਸੇ ਕਰਕੇ ਉਹ ਪ੍ਰੋਗਰਾਮ ਅਤੇ ਸੇਵਾਵਾਂ ਏਨੇ ਮਹੱਤਵਪੂਰਨ ਹਨ ਜੋ ਪਹੁੰਚਯੋਗਤਾ, ਚੱਲਣਯੋਗਤਾ, ਅਤੇ ਆਵਾਜਾਈ ਦਾ ਸਮਰਥਨ ਕਰਦੇ ਹਨ। ਅਸੀਂ ਕਈ ਸਾਰੇ ਸਰੋਤ ਇਕੱਤਰ ਕੀਤੇ ਹਨ ਜੋ ਤੁਹਾਨੂੰ ਆਸਾਨੀ ਨਾਲ ਆਪਣੇ ਘਰ ਅਤੇ ਭਾਈਚਾਰੇ ਦੇ ਆਸ-ਪਾਸ ਤੁਰਨਾ ਫਿਰਨਾ ਜਾਰੀ ਰੱਖਣ ਵਿੱਚ ਮਦਦ ਕਰ ਸਕਦੇ ਹਨ।

## ਵਿੱਤੀ ਸਹਾਇਤਾ ਪ੍ਰੋਗਰਾਮ

**Alzheimer's Society Peel – Assistive Devices Program**

**905-278-3667 | info@alzheimerpeel.com**

ਮੂੜ੍ਹਚਿੱਤਤਾ (dementia) ਵਾਲੇ ਲੋਕਾਂ ਵਾਸਤੇ ਲੋਕੇਸ਼ਨ ਤਕਨਾਲੋਜੀ ਅਤੇ ਹੋਰ ਸੇਵਾਵਾਂ ਤਾਂ ਜੋ ਉਹਨਾਂ ਨੂੰ ਪਹੁੰਚ ਬਣਾਈ ਰੱਖਣ ਵਿੱਚ ਮਦਦ ਕੀਤੀ ਜਾ ਸਕੇ।

**Assistive Devices Program (ਓਨਟੈਰੀਓ)**

**416-327-8804 | ਟੌਲ-ਫ੍ਰੀ: 1-800-268-6021 | TTY: 416-327-4282 | ਟੌਲ-ਫ੍ਰੀ TTY: 1-800-387-5559 | assistivedevicesprogram@opddp.ca | adp@ontario.ca**

The Assistive Devices Program (ADP)
ਲੰਬੀ-ਮਿਆਦ ਦੀਆਂ ਸਰੀਰਕ ਅਪੰਗਤਾਵਾਂ ਵਾਲੇ ਲੋਕਾਂ ਨੂੰ ਲੋੜ ਅਨੁਸਾਰ ਵਿਉਂਤੇ ਉਪਕਰਨ (ਜਿਵੇਂ ਵੀਲ੍ਹਚੇਅਰ ਅਤੇ ਹੀਅਰਿੰਗ ਏਡ) ਵਾਸਤੇ ਭੁਗਤਾਨ ਕਰਨ ਵਿੱਚ ਮਦਦ ਕਰਦਾ ਹੈ। ADP ਵਿਸ਼ੇਸ਼ੱਗ ਸਪਲਾਈਆਂ ਦੀ ਲਾਗਤ ਕਵਰ ਕਰਨ ਵਿੱਚ ਵੀ ਮਦਦ ਕਰਦਾ ਹੈ।

**Caledon Meals on Wheels – Project Lifesaver**

**905-857-7651 | info@cmow.org**

ਪ੍ਰੋਜੈਕਟ Lifesaver Caledon ਪਰਿਵਾਰਾਂ ਨੂੰ ਉਹਨਾਂ ਵਿਅਕਤੀਆਂ ਦਾ ਪਤਾ ਲਾਉਣ ਵਿੱਚ ਮਦਦ ਕਰਦਾ ਹੈ ਜੋ ਕਿਸੇ ਬੌਧਿਕ ਵਿਕਾਰ ਦੇ ਨਤੀਜੇ ਵਜੋਂ ਭਟਕ ਸਕਦੇ ਹਨ।

**March of Dimes Assistive Devices Program**

**1-866-765-7237 | adp@marchofdimes.ca**

March of Dimes ਦਾ Canada's Assistive Devices Program ਉਹਨਾਂ ਬਾਲਗਾਂ ਅਤੇ ਬਜ਼ੁਰਗਾਂ ਦੀ ਚੱਲਣ-ਫਿਰਨ ਵਿੱਚ ਸਹਾਇਕ ਡੀਵਾਈਸਾਂ ਖਰੀਦਣ ਵਿੱਚ ਸਹਾਇਤਾ ਕਰਦਾ ਹੈ ਜੋ ਵਿੱਤੀ ਲੋੜ ਵਿੱਚ ਜੀਵਨ ਬਸਰ ਕਰ ਰਹੇ ਹਨ।

**Service Ontario**

**416-326-1234 | ਟੋਲ-ਫ੍ਰੀ: 1-800-267-8097 | TTY: 416-325-3408 | ਟੋਲ-ਫ੍ਰੀ TTY: 1-800-268-7095 | ServiceOntarioAccessibilityRequests@ontario.ca**

ਡ੍ਰਾਈਵਿੰਗ ਲਾਇਸੰਸ, ਹੈਲਥ ਕਾਰਡਾਂ, ਲਾਇਸੰਸ ਪਲੇਟਾਂ, ਓਨਟੈਰੀਓ ਫੋਟੋ ਕਾਰਡ, ਜਨਮ ਸਰਟੀਫਿਕੇਟ, ਪਹੁੰਚਯੋਗ ਪਾਰਕਿੰਗ ਪਰਮਿਟਾਂ ਅਤੇ ਕਈ ਹੋਰ ਚੀਜ਼ਾਂ ਵਿੱਚ ਸਹਾਇਤਾ।

**Veterans Affairs Canada – Veterans Independence Program**

**1-866-522-2122 | information@veterans.gc.ca**

ਸਾਬਕਾ ਫੌਜੀਆਂ ਨੂੰ ਆਪਣੇ ਘਰਾਂ ਵਿੱਚ ਟਿਕੇ ਰਹਿਣ ਵਿੱਚ ਮਦਦ ਕਰਨ ਲਈ ਆਵਾਜਾਈ ਅਤੇ ਘਰ ਵਿੱਚ ਸੋਧ ਕਰਨ ਵਿੱਚ ਵਿੱਤੀ ਸਹਾਇਤਾ।

## ਆਵਾਜਾਈ ਵਿੱਚ ਸਹਾਇਤਾਵਾਂ

ਜ਼ਿਆਦਾਤਰ ਬਾਲਗ ਡ੍ਰਾਈਵਿੰਗ ਦੀ ਸੁਤੰਤਰਤਾ ਅਤੇ ਆਸਾਨੀ ਨਾਲ ਇੱਧਰ-ਉੱਧਰ ਜਾਣ ਦੀ ਯੋਗਤਾ ਨੂੰ ਅਹਿਮੀਅਤ ਦਿੰਦੇ ਹਨ। ਕਈ ਵਾਰ ਅਜਿਹੀਆਂ ਤਬਦੀਲੀਆਂ ਵਾਪਰਦੀਆਂ ਹਨ ਜੋ ਕਿਸੇ ਵਿਅਕਤੀ ਦੀ ਸੁਰੱਖਿਅਤ ਤਰੀਕੇ ਨਾਲ ਗੱਡੀ ਚਲਾਉਣ ਦੀ ਯੋਗਤਾ ਵਿੱਚ ਤਬਦੀਲੀ ਕਰ ਸਕਦੀਆਂ ਹਨ। ਦਵਾਈ, ਸੱਟਾਂ, ਆਕੜੇ ਹੋਏ ਜੋੜ, ਦੇਖਣ ਵਿੱਚ ਮੁਸ਼ਕਿਲ ਜਾਂ ਸੁਣਨ-ਸ਼ਕਤੀ ਦੀ ਹਾਨੀ ਵਰਗੀਆਂ ਚੀਜ਼ਾਂ ਤੁਹਾਡੀਆਂ ਗੱਡੀ ਚਲਾਉਣ ਦੀਆਂ ਯੋਗਤਾਵਾਂ ਵਿੱਚ ਤਬਦੀਲੀ ਕਰ ਸਕਦੀਆਂ ਹਨ। ਤੁਹਾਨੂੰ ਇੱਕ ਸੁਰੱਖਿਅਤ ਡ੍ਰਾਈਵਿੰਗ ਰਿਕਾਰਡ ਬਰਕਰਾਰ ਰੱਖਣ ਵਿੱਚ ਮਦਦ ਕਰਨ ਲਈ ਜਾਂ ਜਦੋਂ ਗੱਡੀ ਚਲਾਉਣੀ ਬੰਦ ਕਰਨ ਦਾ ਸਮਾਂ ਹੋ ਸਕਦਾ ਹੈ, ਅਤੇ ਪਰਿਵਹਿਨ ਵਰਗੇ ਸਰੋਤਾਂ ਬਾਰੇ ਕਈ ਸਿੱਖਿਆ ਸਰੋਤ ਉਪਲਬਧ ਹਨ, ਜੋ ਤੁਹਾਨੂੰ ਆਸਾਨੀ ਨਾਲ ਆਪਣੇ ਭਾਈਚਾਰੇ ਵਿੱਚ ਆਉਣਾ-ਜਾਣਾ ਜਾਰੀ ਰੱਖਣ ਵਿੱਚ ਮਦਦ ਕਰ ਸਕਦੇ ਹਨ।

ਕੀ ਤੁਸੀਂ ਜਾਣਦੇ ਹੋ ਕਿ ਜਦ ਤੁਹਾਡੀ ਉਮਰ 80 ਸਾਲ ਦੀ ਹੋ ਜਾਂਦੀ ਹੈ ਤਾਂ ਤੁਹਾਨੂੰ ਆਪਣਾ G ਡ੍ਰਾਈਵਿੰਗ ਲਾਇਸੰਸ ਹਰ ਦੋ ਸਾਲਾਂ ਬਾਅਦ ਨਵਿਆਉਣ ਦੀ ਲੋੜ ਪੈਂਦੀ ਹੈ। ਵਧੇਰੇ ਜਾਣਨ ਲਈ ਕਿਰਪਾ ਕਰਕੇ Service Ontario ਨਾਲ 1-800-396-4233 'ਤੇ ਸੰਪਰਕ ਕਰੋ ਜਾਂ ਆਪਣੇ ਸਭ ਤੋਂ ਨੇੜਲੇ Service Ontario ਦਫਤਰ ਵਿਖੇ ਜਾਓ।

**Town of Caledon Transit**

**311 | info@caledon.ca**

ਚੋਣਵੇਂ ਭਾਈਚਾਰਿਆਂ ਵਿੱਚ ਸਥਿਤ ਕੈਲੇਡਨ ਕਸਬੇ ਦੀਆਂ ਪਰਿਵਹਿਨ ਲਾਈਨਾਂ ਅਤੇ ਸਮਾਂ-ਸੂਚੀਆਂ ਬਾਰੇ ਜਾਣਕਾਰੀ (ਮੇਅਫੀਲਡ ਵੈਸਟ, ਡਿਕਸੀ, ਟੂਲਾਮੋਰ ਅਤੇ ਬੋਲਟਨ)।

**Caledon Community Services - ਵਿਸ਼ੇਸ਼ੱਗ ਆਵਾਜਾਈ-ਸਾਧਨ**

**905-951-2300 ਐਕਸਟੈਂਸ਼ਨ 221 | info@ccs4u.org**

ਵੀਲ੍ਹਚੇਅਰ ਨਾਲ ਪਹੁੰਚਯੋਗ ਬੱਸਾਂ, ਸਟਾਫ਼ ਅਤੇ ਵਲੰਟੀਅਰਾਂ ਵੱਲੋਂ ਚਲਾਈਆਂ ਜਾਂਦੀਆਂ ਯਾਤਰੀ ਵੈਨਾਂ ਅਤੇ ਕਾਰਾਂ ਤਾਂ ਜੋ ਕੈਲੇਡਨ ਦੇ ਵਾਸੀਆਂ ਨੂੰ ਡਾਕਟਰੀ ਤੈਅ-ਮੁਲਾਕਾਤਾਂ (appointments), ਸਹਾਇਤਾ ਗਰੁੱਪਾਂ, ਸਮਾਜਕ ਸੇਵਾਵਾਂ ਅਤੇ ਹੋਰ ਥਾਂਵਾਂ 'ਤੇ ਜਾਣ ਵਿੱਚ ਮਦਦ ਕੀਤੀ ਜਾ ਸਕੇ।

**Door to Door and More Inc.**

**905-586-5868 | doortodoorandmore@yahoo.com**

ਆਵਾਜਾਈ, ਤੈਅ-ਮੁਲਾਕਾਤਾਂ ਜਾਂ ਛੋਟੇ-ਮੋਟੇ ਕੰਮਾਂ ਲਈ ਨਾਲ ਜਾਣਾ ਅਤੇ ਹਲਕੇ ਘਰੇਲੂ-ਕੰਮਾਂ ਵਿੱਚ ਸਹਾਇਤਾ। ਸੇਵਾ ਵਾਸਤੇ ਫੀਸ।

**GO Transit ਬੱਸ ਸੇਵਾਵਾਂ**

**1-888-438-6646**

ਕੈਲੇਡਨ ਵਿੱਚ ਚੋਣਵੇਂ ਖੇਤਰਾਂ ਵਾਸਤੇ ਸਥਾਨਕ ਬੱਸ ਰੂਟ ਉਪਲਬਧ ਹਨ।


CANES community care

Bringing Quality Care Home®

ACCREDITED WITH EXEMPLARY STANDING
ACCREDITATION AGRÉMENT CANADA

Our Programs and Care Services

- Homemaking
- Personal Care
- Assisted Living
- Transportation
- Friendly Visiting
- Caregiver Counselling
- Home Maintenance
- Home at Last
- Transitional Care
- Behavioural Supports
- Intensive Seniors Community Team
- Respite Care

We've been a not-for-profit organization since 1982!

@CANESCommunity

www.CANES.on.ca 416-743-3892



**MedEvac Canada**

**ਡਿਸਪੈਚ: 416-704-2353 ਐਕਸਟੈਂਸ਼ਨ 1 |**
**ਆਫਿਸ/ਬਿਲਿੰਗ: 416-704-2353 ਐਕਸਟੈਂਸ਼ਨ 2 | info@Medevac.ca**

ਓਨਟੈਰੀਓ ਵਿੱਚ ਗੈਰ-ਸੰਕਟਕਾਲੀ ਮਰੀਜ਼ ਟ੍ਰਾਂਸਫਰ ਸੇਵਾਵਾਂ ਸਟ੍ਰੈਚਰ ਅਤੇ ਵੀਲ੍ਹਚੇਅਰ ਟ੍ਰਾਂਸਪੋਰਟ ਲੋੜਦੇ ਗਾਹਕਾਂ ਵਾਸਤੇ ਹਸਪਤਾਲਾਂ, ਡਾਕਟਰੀ ਸੁਵਿਧਾਵਾਂ, ਰਿਟਾਇਰਮੈਂਟ ਘਰਾਂ, ਲੰਬੀ-ਮਿਆਦ ਦੇ ਦੇਖਭਾਲ ਘਰਾਂ, ਏਅਰਪੋਰਟਾਂ ਅਤੇ ਨਿੱਜੀ ਘਰਾਂ ਤੋਂ ਆਉਣ-ਜਾਣ ਵਾਸਤੇ ਜ਼ਮੀਨੀ ਅਤੇ ਹਵਾਈ ਆਵਾਜਾਈ ਸੇਵਾਵਾਂ ਅਤੇ ਸਹਾਇਤਾਵਾਂ।

**Shelburne Transporter**

**519-925-3634 | tst@rogers.com**

ਹਿਊਰੌਨ, ਗ੍ਰੇ ਬਰੂਸ, ਡਫਰਿਨ ਅਤੇ ਸਾਊਥ ਸਿਮਕੋਏ ਕਾਊਂਟੀਆਂ ਵਿੱਚ ਆਵਾਜਾਈ ਸੇਵਾ। ਸੇਵਾ ਵਾਸਤੇ ਫੀਸ।

**TransHelp**

**905-791-1015**

ਬਰੈਮਪਟਨ, ਕੈਲੇਡਨ ਅਤੇ ਮਿਸੀਸਾਊਗਾ ਵਿੱਚ ਯੋਗ ਵਸਨੀਕਾਂ ਵਾਸਤੇ ਵਿਸ਼ੇਸ਼ੱਗ ਘਰ-ਘਰ ਤੱਕ ਜਨਤਕ ਪਰਿਵਹਿਨ।

**ਸੰਪੂਰਨ Age-Friendly ਆਵਾਜਾਈ ਸਰੋਤ ਗਾਈਡ ਵਾਸਤੇ, 311 ਨਾਲ ਸੰਪਰਕ ਕਰੋ ਜਾਂ adult55@caledon.ca ’ਤੇ ਈਮੇਲ ਕਰੋ।**



# ਕੱਚੇ-ਰਸਤੇ (trailways) ਅਤੇ ਸਰਗਰਮ ਆਵਾਜਾਈ-ਸਾਧਨ

ਕੀ ਤੁਸੀਂ ਜਾਣਦੇ ਹੋ ਕਿ Caledon Public Library ਇਲਾਕੇ ਵਿਚਲੇ ਵੱਖ-ਵੱਖ ਸੰਰੱਖਿਅਣ ਪਾਰਕਾਂ ਵਾਸਤੇ ਮੁਫ਼ਤ ਦੈਨਿਕ ਪਾਸਾਂ ਦੀ ਪੇਸ਼ਕਸ਼ ਕਰਦੀ ਹੈ? ਤੁਹਾਨੂੰ ਲੋੜ ਹੈ ਤਾਂ ਸਿਰਫ਼ ਇੱਕ ਲਾਇਬ੍ਰੇਰੀ ਕਾਰਡ ਦੀ। ਵਧੇਰੇ ਜਾਣਕਾਰੀ ਵਾਸਤੇ 905-857-1400 'ਤੇ ਕਾਲ ਕਰੋ।

**Credit Valley Conservation (CVC)**
**905-670-1615 | 1-800-668-5557**
CVC ਲੋਕਾਂ ਅਤੇ ਕੁਦਰਤ ਨੂੰ ਜੋੜਦੀ ਹੈ, ਅਤੇ ਸਮੁੱਚੇ ਕੈਲੇਡਨ ਵਿੱਚ ਕਈ ਸਾਰੇ ਕੱਚੇ-ਰਸਤਿਆਂ (trails) ਦੀ ਸੁਰੱਖਿਆ, ਪੁਨਰ-ਬਹਾਲੀ ਅਤੇ ਵਿਸਤਾਰ ਦੀ ਆਗਵਾਨੀ ਕਰਦੀ ਹੈ।

**Toronto and Region Conservation Authority (TRCA)**
**416-661-6600 | info@trca.ca**
TRCA ਨੇ, ਪ੍ਰਾਂਤਕੀ Conservation Authorities Act ਰਾਹੀਂ ਯੋਗ ਬਣਾਏ ਗਏ ਅਨੁਸਾਰ, ਸਾਡੇ ਖੇਤਰ ਦੇ ਕੁਦਰਤੀ ਵਾਤਾਵਰਣ ਦਾ ਵਿਸਤਾਰ ਕਰਨ ਲਈ ਅਤੇ ਸਾਡੀ ਜ਼ਮੀਨ, ਪਾਣੀ ਅਤੇ ਭਾਈਚਾਰਿਆਂ ਦੀ ਹੜ੍ਹਾਂ ਅਤੇ ਦਿਨੋਂ-ਦਿਨ ਵਧ ਰਹੀਆਂ ਪ੍ਰਚੰਡ ਮੌਸਮ ਦੀਆਂ ਘਟਨਾਵਾਂ — ਜੋ ਓਨਟੈਰੀਓ ਵਿੱਚ ਜਨਤਕ ਸੰਕਟਕਾਲਾਂ ਦਾ ਮੋਹਰੀ ਕਾਰਨ ਹਨ - ਦੇ ਪ੍ਰਭਾਵਾਂ ਤੋਂ ਸਾਡੀ ਰੱਖਿਆ ਕਰਨ ਲਈ ਕਾਰਵਾਈ ਕੀਤੀ ਹੈ।



# ਸੰਚਾਰ

## ਆਵਾਗੌਣ ਅਤੇ ਜਾਣਕਾਰੀ ਸੰਬੰਧੀ ਸਰੋਤ

ਕੀ ਤੁਸੀਂ ਜਾਣਦੇ ਹੋ? Age-Friendly Caledon ਦਾ ਇੱਕ ਮਾਸਿਕ ਈ-ਸੂਚਨਾਪੱਤਰ ਹੈ। ਜੇ ਤੁਹਾਡੇ ਕੋਲ ਕੋਈ ਈਮੇਲ ਪਤਾ ਹੈ, ਤਾਂ ਤੁਸੀਂ ਕੈਲੇਡਨ ਵਿੱਚ ਸਥਾਨਕ ਸੇਵਾਵਾਂ ਅਤੇ ਸਹਾਇਤਾਵਾਂ ਬਾਰੇ ਤਾਜ਼ਾ ਜਾਣਕਾਰੀ ਹਾਸਲ ਕਰਨ ਲਈ ਸਬਸਕ੍ਰਾਈਬ ਕਰ ਸਕਦੇ ਹੋ। ਸਬਸਕ੍ਰਾਈਬ ਕਰਨ ਲਈ www.caledon.ca/adult55 'ਤੇ ਔਨਲਾਈਨ ਜਾਓ। ਕੀ ਸਹਾਇਤਾ ਦੀ ਲੋੜ ਹੈ? 311 'ਤੇ ਕਾਲ ਕਰੋ ਜਾਂ adult55@caledon.ca 'ਤੇ ਈਮੇਲ ਕਰੋ।

### ਸਥਾਨਕ ਸੇਵਾਵਾਂ

**211 Central**
**211 | info@211central.ca**
ਸਥਾਨਕ ਸਮਾਜਕ ਸੇਵਾਵਾਂ ਸੰਬੰਧੀ ਸਹਾਇਤਾਵਾਂ ਵਾਸਤੇ ਜਾਣਕਾਰੀ ਅਤੇ ਸਿਫਾਰਸ਼ਾਂ।

**Town of Caledon – Service Caledon**
**311 | info@caledon.ca**
Service Caledon, ਕੈਲੇਡਨ ਕਸਬੇ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸਾਰੀਆਂ ਸੇਵਾਵਾਂ ਨੂੰ ਸਮਝਣ ਵਿੱਚ ਵਸਨੀਕਾਂ ਦੀ ਮਦਦ ਕਰਨ ਲਈ ਮੌਜੂਦ ਹੈ। ਸਟਾਫ਼ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ ਜਾਂ ਤੁਹਾਨੂੰ ਹੋਰ ਸਟੀਕ ਜਾਣਕਾਰੀ ਵਾਸਤੇ ਸਹੀ ਵਿਭਾਗ ਨਾਲ ਸੰਪਰਕ ਕਰਵਾ ਸਕਦਾ ਹੈ।

**Caledon Public Library**
**905-857-1400 | reference@caledon.library.on.ca**
ਸੱਤ ਸ਼ਾਖਾਵਾਂ ਦੇ ਨਾਲ ਭਾਈਚਾਰੇ ਨੂੰ ਸੇਵਾਵਾਂ ਦੇ ਰਹੀ ਹੈ ਜੋ ਵੱਖ-ਵੱਖ ਭਾਸ਼ਾਵਾਂ ਵਿੱਚ ਕਿਤਾਬਾਂ, ਈ-ਕਿਤਾਬਾਂ, ਈ-ਔਡੀਓਕਿਤਾਬਾਂ, ਸਟ੍ਰੀਮਿੰਗ ਸੇਵਾਵਾਂ, ਤਕਨਾਲੋਜੀ ਅਤੇ ਡਿਜੀਟਲ ਸੇਵਾਵਾਂ, ਸਮਾਜਕ ਪ੍ਰੋਗਰਾਮਾਂ/ਸਮਾਗਮਾਂ ਅਤੇ ਇੱਕ Visiting Library Service ਦੀ ਪੇਸ਼ਕਸ਼ ਕਰਦੀਆਂ ਹਨ।

**Caregiver in the Hills**
**(Hills of Headwaters Collaborative Ontario Health Team)**
**519-216-6671 | info@caregiversinthehills.ca**
ਕੈਲੇਡਨ ਅਤੇ ਡਫਰਿਨ ਖੇਤਰ ਵਿੱਚ ਬਿਨਾਂ ਤਨਖਾਹ ਕੰਮ ਕਰਨ ਵਾਲੇ ਉਹਨਾਂ ਦੇਖਭਾਲ ਕਰਤਾਵਾਂ ਲਈ ਮੁਫ਼ਤ ਸਹਾਇਤਾ ਅਤੇ ਸਰੋਤ ਜੋ ਕਿਸੇ ਨਾਲ ਰਹਿ ਰਹੇ ਹਨ ਜਾਂ ਉਹਨਾਂ ਦੀ ਸਹਾਇਤਾ ਕਰ ਰਹੇ ਹਨ।

**Home and Community Care – ਸੈਂਟਰਲ ਵੈਸਟ**
**310-2222 | 1-888-733-1177 | cwcommunications@hccontario.ca**
ਵੈਧ Ontario Health Insurance Plan (OHIP) ਕਾਰਡ ਵਾਲੇ ਓਨਟੈਰੀਓ ਵਸਨੀਕ ਇੱਕ ਮੁਲਾਂਕਣ ਪ੍ਰਾਪਤ ਕਰਨ ਦੇ ਯੋਗ ਹਨ ਜਿਸਨੂੰ ਇੱਕ ਕੇਅਰ ਕੋਆਰਡੀਨੇਟਰ ਵੱਲੋਂ ਪੂਰਾ ਕੀਤਾ ਜਾਂਦਾ ਹੈ ਤਾਂ ਜੋ ਘਰ ਅਤੇ ਭਾਈਚਾਰੇ ਅੰਦਰ ਦੇਖਭਾਲ ਸਹਾਇਤਾਵਾਂ ਦੀ ਇੱਕ ਵਿਸ਼ਾਲ ਰੇਂਜ਼ ਵਾਸਤੇ ਯੋਗਤਾ ਅਤੇ ਇਹਨਾਂ ਤੱਕ ਪਹੁੰਚ ਬਾਰੇ ਅਗਲੇਰਾ ਨਿਰਣਾ ਕੀਤਾ ਜਾ ਸਕੇ।

**Senior Saviour Solutions**
**905-533-0089 | info@seniorsavioursolutions.ca**
ਇੱਕ ਗੈਰ-ਮੁਨਾਫਾ ਕੰਪਨੀ ਜੋ ਮੁਫ਼ਤ ਵਿੱਚ ਬਜ਼ੁਰਗਾਂ ਨੂੰ ਸਥਾਨਕ ਸੇਵਾਵਾਂ ਦੇ ਪ੍ਰਦਾਨਕਾਂ ਨਾਲ ਜੋੜਨ ਲਈ ਸਮਰਪਿਤ ਹੈ।

**Telecheck Dufferin**
**519-415-3764**
ਆਪਣੇ ਖੁਦ ਦੇ ਘਰਾਂ ਵਿੱਚ ਸੁਤੰਤਰ ਤੌਰ 'ਤੇ ਰਹਿ ਰਹੇ 55+ ਸਾਲਾਂ ਦੇ ਬਾਲਗਾਂ ਦੀ ਸਹਾਇਤਾ ਕਰਨ ਲਈ ਇੱਕ ਮੁਫ਼ਤ, ਗੁਪਤ ਚੈੱਕ-ਇਨ ਸਰਵਿਸ।

## *ਸੰਘੀ ਸੇਵਾਵਾਂ*

**ਓਨਟੈਰੀਓ ਸਰਕਾਰ ਦਾ ਬਜ਼ੁਰਗਾਂ ਅਤੇ ਪਹੁੰਚਯੋਗਤਾ ਸੰਬੰਧੀ ਮੰਤਰਾਲਾ**
**1-888-910-1999 | TTY: 1-800-387-5559 | infoseniors@ontario.ca**
ਓਨਟੈਰੀਓ ਵਿੱਚ ਬਜ਼ੁਰਗਾਂ ਅਤੇ ਅਪੰਗਤਾਵਾਂ ਵਾਲੇ ਵਿਅਕਤੀਆਂ ਵਾਸਤੇ ਜਾਣਕਾਰੀ ਉਪਲਬਧ ਹੈ, ਜਿਸ ਵਿੱਚ ਟੈਕਸ ਕ੍ਰੈਡਿਟ, ਸਿਹਤ, ਦੇਖਭਾਲ ਕਰਨਾ, ਬਸੇਰਾ, ਆਵਾਜਾਈ ਅਤੇ ਸਲਾਮਤ ਰਹਿਣਾ ਸ਼ਾਮਲ ਹੈ।

# ਭਾਈਚਾਰਕ ਸਹਾਇਤਾ ਅਤੇ ਸਿਹਤ ਸੇਵਾਵਾਂ

Community Support and Health Services ਨੂੰ ਭਾਈਚਾਰੇ ਵਿੱਚ ਵਿਅਕਤੀਗਤ ਲੋੜਾਂ ਦਾ ਸਮਰਥਨ ਕਰਨ ਲਈ ਵਿਕਸਿਤ ਕੀਤਾ ਗਿਆ ਹੈ ਤਾਂ ਜੋ ਭਵਿੱਖ ਵਿੱਚ ਸਿਹਤ ਸੰਬੰਧੀ ਸ਼ੰਕਿਆਂ ਅਤੇ ਮਸਲਿਆਂ ਦੀ ਰੋਕਥਾਮ ਕੀਤੀ ਜਾ ਸਕੇ, ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਸਨੀਕ ਓਨੀ ਦੇਰ ਤੱਕ ਆਪਣੇ ਸਥਾਨ 'ਤੇ ਉਮਰ ਭੋਗ ਸਕਦੇ ਹਨ ਜਿੰਨੀ ਦੇਰ ਤੱਕ ਉਹ ਅਜਿਹਾ ਕਰਨ ਦੇ ਯੋਗ ਹਨ।

ਕੀ ਤੁਹਾਨੂੰ ਅਜਿਹੀ ਸੇਵਾ ਨਹੀਂ ਦਿਖਾਈ ਦਿੰਦੀ ਜੋ ਤੁਹਾਡੀਆਂ ਲੋੜਾਂ ਲਈ ਢੁਕਵੀਂ ਹੋਵੇ? 24/7 ਸਹਾਇਤਾ ਵਾਸਤੇ ਕਿਰਪਾ ਕਰਕੇ 211 'ਤੇ ਸੰਪਰਕ ਕਰਨ ਲਈ ਸੁਤੰਤਰ ਮਹਿਸੂਸ ਕਰੋ ਜਾਂ ਫਿਰ ਟਾਊਨ ਆਫ ਕੈਲੇਡਨ ਵਿਖੇ 311 'ਤੇ ਕਾਲ ਕਰਕੇ ਸਾਡੇ ਨਾਲ ਸੰਪਰਕ ਕਰੋ ਅਤੇ ਅਸੀਂ ਉਹ ਸੇਵਾ ਲੱਭਣ ਵਿੱਚ ਤੁਹਾਡੀ ਸਹਾਇਤਾ ਕਰਕੇ ਖੁਸ਼ ਹੋਵਾਂਗੇ ਜਿਸਦੀ ਤੁਹਾਨੂੰ ਲੋੜ ਹੈ।

## ਸਿਹਤ ਅਤੇ ਤੰਦਰੁਸਤੀ ਸੇਵਾਵਾਂ

**Health 811**
**811 | TTY: 1-866-797-0007**
ਇੱਕ ਸੁਰੱਖਿਅਤ, ਉੱਚ-ਗੁਣਵੱਤਾ ਦੀ ਦੇਖਭਾਲ ਨਾਲ ਸੰਪਰਕ ਜੋੜੋ ਅਤੇ ਐਮਰਜੈਂਸੀ ਰੂਮ ਵਿਖੇ ਬੇਲੋੜੀਆਂ ਫੇਰੀਆਂ ਤੋਂ ਬਚੋ।

**Home and Community Care – ਸੈਂਟਰਲ ਵੈਸਟ**
**310-2222 | Toll-free: 1-888-733-1177 |**
**cwcommunications@hccontario.ca**
ਵੈਧ Ontario Health Insurance Plan (OHIP) ਕਾਰਡ ਵਾਲੇ ਓਨਟੈਰੀਓ ਵਸਨੀਕ ਇੱਕ ਮੁਲਾਂਕਣ ਪ੍ਰਾਪਤ ਕਰਨ ਦੇ ਯੋਗ ਹਨ ਜਿਸਨੂੰ ਇੱਕ ਕੇਅਰ ਕੋਆਰਡੀਨੇਟਰ ਵੱਲੋਂ ਪੂਰਾ ਕੀਤਾ ਜਾਂਦਾ ਹੈ ਤਾਂ ਜੋ ਘਰ ਅਤੇ ਭਾਈਚਾਰੇ ਅੰਦਰ ਦੇਖਭਾਲ ਸਹਾਇਤਾਵਾਂ ਦੀ ਇੱਕ ਵਿਸ਼ਾਲ ਰੇਂਜ਼ ਵਾਸਤੇ ਯੋਗਤਾ ਅਤੇ ਇਹਨਾਂ ਤੱਕ ਪਹੁੰਚ ਬਾਰੇ ਅਗਲੇਰਾ ਨਿਰਣਾ ਕੀਤਾ ਜਾ ਸਕੇ।

## ਸਥਾਨਕ ਸੇਵਾਵਾਂ

**Active Aging Canada**

**1-800-549-9799 | info@activeagingcanada.ca**

ਭਾਗੀਦਾਰੀ, ਸਿੱਖਿਆ, ਖੋਜ ਅਤੇ ਪ੍ਰਚਾਰ ਰਾਹੀਂ ਬਾਲਗ ਕੈਨੇਡੀਅਨਾਂ ਦੇ ਜੀਵਨ-ਭਰ ਸਿਹਤਮੰਦ ਅਤੇ ਸਰਗਰਮ ਤਰੀਕੇ ਨਾਲ ਉਮਰ ਭੋਗਣ ਦਾ ਸਮਰਥਨ ਕਰਦੀ ਹੈ।

**Alzheimer Society (ਪੀਲ/ਡਫਰਿਨ)**

**ਪੀਲ: 905-278-3667 | info@alzheimerpeel.com**

**ਡਫਰਿਨ: 519-941-1221 | info@alzheimerdufferin.org**

ਪ੍ਰਭਾਵਿਤ ਵਿਅਕਤੀਆਂ ਅਤੇ ਉਹਨਾਂ ਦੇ ਦੇਖਭਾਲ ਕਰਤਾਵਾਂ ਵਾਸਤੇ ਅਲਜ਼ੀਮਰ ਦੀ ਬਿਮਾਰੀ ਅਤੇ ਹੋਰ ਮੂੜ੍ਹਚਿੱਤਤਾ ਸੰਬੰਧੀ ਬਿਮਾਰੀਆਂ (dementias) ਦੇ ਨਿੱਜੀ ਅਤੇ ਸਮਾਜਕ ਸਿੱਟਿਆਂ ਨੂੰ ਘਟਾਉਣ ਲਈ ਸੇਵਾਵਾਂ।

**Bethell Hospice**

**905-838-3534 | info@bethellhospice.org**

ਜੀਵਨ ਨੂੰ ਸੀਮਤ ਕਰਨ ਵਾਲੀ ਬਿਮਾਰੀ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਵਾਸਤੇ ਜੀਵਨ ਦੀ ਗੁਣਵੱਤਾ ਵਧਾਉਣ ਲਈ ਆਦਰ-ਭਰਪੂਰ ਦੇਖਭਾਲ ਦੀ ਪੇਸ਼ਕਸ਼ ਕਰਦੀ ਹੈ। ਸੇਵਾਵਾਂ ਵਿੱਚ ਆਪਣੇ ਖੁਦ ਦੇ ਘਰਾਂ ਵਿੱਚ ਰਹਿ ਰਹੇ ਵਿਅਕਤੀਆਂ ਵਾਸਤੇ ਉਹਨਾਂ ਦੀ ਹੌਸਪਾਇਸ ਰਿਹਾਇਸ਼ (hospice residence) ਵਿੱਚ 24-ਘੰਟੇ ਦੇਖਭਾਲ ਅਤੇ ਨਾਲ ਹੀ ਭਾਈਚਾਰਕ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਇੱਕ ਲੜੀ ਸ਼ਾਮਲ ਹੈ।

**Caledon Community Services – Caledon Specialist Clinic**

**905-584-2300 ਐਕਸਟੈਂਸ਼ਨ 920 | caledonspecalistclinic@ccs4u.org**

Headwaters Healthcare Centre ਤੋਂ ਸਿਫਾਰਸ਼-ਆਧਾਰਿਤ ਸਥਾਨਕ (ਬੋਲਟਨ) ਵਿਸ਼ੇਸ਼ੱਗ ਤੈਅ-ਮੁਲਾਕਾਤਾਂ ਜਿਸਦੇ ਨਾਲ ਵਾਧੂ ਸਿਹਤ-ਆਧਾਰਿਤ ਪ੍ਰੋਗਰਾਮਾਂ ਦੀ ਪੇਸ਼ਕਸ਼ ਵੱਖ-ਵੱਖ ਭਾਈਚਾਰਕ ਪ੍ਰਦਾਨਕਾਂ ਵੱਲੋਂ ਕੀਤੀ ਜਾਂਦੀ ਹੈ।

**CANES Community Care**

**416-743-3892 | information@canes.on.ca**

CANES, Headwaters Healthcare Centre ਜਾਂ William Osler Health System ਵੱਲੋਂ ਛੁੱਟੀ ਦਿੱਤੇ ਗਏ ਮਰੀਜ਼ਾਂ ਵਾਸਤੇ ਪਰਿਵਰਤਨਕਾਰੀ ਦੇਖਭਾਲ ਸੇਵਾਵਾਂ ਪ੍ਰਦਾਨ ਕਰਾਉਂਦੀ ਹੈ ਜਦ ਉਹ ਘਰ ਵਾਪਸ ਜਾਣ ਜਾਂ ਕਿਸੇ ਲੰਬੀ-ਮਿਆਦ ਦੀ ਦੇਖਭਾਲ ਸੁਵਿਧਾ ਵਿਖੇ ਤਬਦੀਲ ਹੋਣ ਲਈ ਉਡੀਕ ਕਰਨ ਦੌਰਾਨ ਪੁਨਰ-ਵਸੇਬਾ ਕਰਦੇ ਹਨ। ਇਹਨਾਂ ਦੇਖਭਾਲ ਸੇਵਾਵਾਂ ਦੀ ਪੇਸ਼ਕਸ਼ ਬੋਲਟਨ ਵਿੱਚ Sorrento Retirement Residence ਵਿਖੇ ਟਿਕਾਣੇ ’ਤੇ ਕੀਤੀ ਜਾਂਦੀ ਹੈ।

**Dufferin Area Family Health Team**

**519-938-8802 | info@daft.ca**

Dufferin Area Family Health Team ਵਿੱਚ ਡਾਕਟਰ, ਨਰਸਾਂ, ਪ੍ਰਸਾਸ਼ਕੀ ਅਤੇ ਹੋਰ ਸਿਹਤ ਸੰਭਾਲ ਪੇਸ਼ੇਵਰ ਸ਼ਾਮਲ ਹਨ ਜੋ ਗਾਹਕਾਂ ਨੂੰ ਸਭ ਤੋਂ ਵਧੀਆ ਦੇਖਭਾਲ ਪ੍ਰਦਾਨ ਕਰਾਉਣ ਲਈ ਮਿਲ-ਜੁਲ ਕੇ ਕੰਮ ਕਰਦੇ ਹਨ। ਔਰੈਂਜਵਿਲੇ, ਸ਼ੈਲਬਰਨ ਅਤੇ ਬੋਲਟਨ ਵਿੱਚ ਕਲੀਨਿਕ।

**Family Services of Peel**

**905-270-2250 | fsp@fspeel.org**

ਸਲਾਹ-ਮਸ਼ਵਰੇ ਵਾਸਤੇ ਲਾਗਤ ਆਮਦਨ ’ਤੇ ਆਧਾਰਿਤ ਹੈ, ਸਦਮੇਂ ਅਤੇ ਮਨੁੱਖੀ ਤਸਕਰੀ ਸੰਬੰਧੀ ਸਹਾਇਤਾ, ਰੁਜ਼ਗਾਰ ਵਿੱਚ ਸਹਾਇਤਾ ਅਤੇ ਪਰਿਵਾਰਕ ਸਹਾਇਤਾ।

**Friends & Advocates Peel and Surrounding Areas**

**905-452-1002 | contact@fapeel.org**

ਸਮਾਜਕ ਪੁਨਰ-ਵਸੇਬਾ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਅਤੇ ਸਮਾਜਕ ਸੰਮਿਲਨਤਾ ਨੂੰ ਵਧਾਵਾ ਦੇਣ ਲਈ ਭਾਈਚਾਰਕ ਅਦਾਰਾ।

**Headwaters Healthcare Centre – ਔਰੈਂਜਵਿਲੇ ਹਸਪਤਾਲ**

**519-941-2410 | info@headwatershealth.ca**

ਇੱਕ ਔਸਤ-ਆਕਾਰ ਦਾ ਭਾਈਚਾਰਕ ਹਸਪਤਾਲ ਜੋ ਡਫਰਿਨ ਕਾਊਂਟੀ ਅਤੇ ਕੈਲੇਡਨ ਦੇ ਭੂਗੋਲਿਕ ਖੇਤਰ ਨੂੰ ਸੇਵਾਵਾਂ ਦੇ ਰਿਹਾ ਹੈ। ਸਟ੍ਰੋਕ ਦੀ ਦੇਖਭਾਲ, ਕੈਂਸਰ ਦੀ ਦੇਖਭਾਲ, ਦਿਲ ਦੀ ਸਿਹਤ ਅਤੇ ਗੁਰਦਿਆਂ ਦੀ ਦੇਖਭਾਲ ਵਿੱਚ ਭਾਈਚਾਰੇ ਦੀ ਲੋੜ ਵਿੱਚ ਸਹਾਇਤਾ ਕਰਨ ਲਈ ਹਸਪਤਾਲ ਨੇ ਕਲੀਨਿਕੀ ਭਾਈਵਾਲੀਆਂ ਕੀਤੀਆਂ ਹਨ।

**Moyo Health and Community Services**

**905-361-0523 | ਟੋਲ-ਫ੍ਰੀ: 1-866- 896-8700**

HIV ਨਾਲ ਜੀਵਨ ਬਸਰ ਕਰ ਰਹੇ, ਇਸ ਤੋਂ ਪ੍ਰਭਾਵਿਤ, ਅਤੇ ਇਸਦੇ ਪ੍ਰਣਾਲੀਗਤ ਜੋਖ਼ਮ ਵਾਲੇ ਵਿਅਕਤੀਆਂ ਵਾਸਤੇ ਸਿਹਤ ਸੰਬੰਧੀ ਪ੍ਰਚਾਰ, ਸਿੱਖਿਆ, ਸਮਾਜਕ ਅਤੇ ਸਹਾਇਤਾ ਸੇਵਾਵਾਂ ਦੀ ਇੱਕ ਲੜੀ ਪ੍ਰਦਾਨ ਕਰਾਉਂਦੀ ਹੈ। ਸੇਵਾਵਾਂ ਵਿੱਚ 2SLGBTQ+ ਭਾਈਚਾਰੇ ਦੇ ਵਿਅਕਤੀਆਂ ਵਾਸਤੇ ਨੁਕਸਾਨ ਘਟਾਊ ਜਾਣਕਾਰੀ ਅਤੇ ਸਹਾਇਤਾ ਵੀ ਸ਼ਾਮਲ ਹੈ।

**Wellfort Community Health Services**

**905-451-6959 | 905-677-9599 | info@wellfort.ca**

ਇੱਕ ਭਾਈਚਾਰਕ ਸਿਹਤ ਕੇਂਦਰ ਜੋ ਮੁੱਢਲੀ ਸਿਹਤ-ਸੰਭਾਲ, ਦੰਦਾਂ ਦੀ ਦੇਖਭਾਲ, ਸਿਹਤ ਦਾ ਪ੍ਰਚਾਰ ਅਤੇ ਸਿੱਖਿਆ ਪ੍ਰੋਗਰਾਮ (ਡਾਇਬਿਟੀਜ਼, HIV, ਹੈਪਾਟਾਈਟਸ C, ਆਦਿ) ਪ੍ਰਦਾਨ ਕਰਾ ਰਿਹਾ ਹੈ। ਇਸਨੂੰ ਇਸ ਵਜੋਂ ਵੀ ਜਾਣਿਆ ਜਾਂਦਾ ਹੈ: Bramalea Community Health Centre, Four Corners Health Centre, Bloom Clinic, Diabetes Education Program **ਅਤੇ** Health n' Smiles.

**William Osler Health System –**
**ਪੀਲ ਮੈਮੋਰੀਅਲ ਹਸਪਤਾਲ ਅਤੇ ਬਰੈਮਪਟਨ ਸਿਵਿਕ ਹਸਪਤਾਲ**

**905-494-2120**

William Osler Health System ਬਰੈਮਪਟਨ, ਨੋਰਥ ਈਟੋਬੀਕੋਕ, ਕੈਲੇਡਨ ਅਤੇ ਲਾਗਲੇ ਭਾਈਚਾਰਿਆਂ ਵਿੱਚ ਲੋਕਾਂ ਨੂੰ ਸੇਵਾਵਾਂ ਦਿੰਦਾ ਹੈ।

## *ਪ੍ਰਾਂਤਕੀ/ਸੰਘੀ ਸੇਵਾਵਾਂ*

**ALS Society of Canada**

**416-497-2267 | ਟੋਲ-ਫ੍ਰੀ: 1-800-267-4257 | communityservices@als.ca**

ਲੋਊ ਗੇਹਰੀਗ ਦੀ ਬਿਮਾਰੀ ਵਾਲੇ ਲੋਕਾਂ ਜਾਂ ਇਸ ਤੋਂ ਪ੍ਰਭਾਵਿਤ ਲੋਕਾਂ ਵਾਸਤੇ ਮੁਫ਼ਤ ਸਿਹਤ-ਸੰਭਾਲ ਸੰਬੰਧੀ ਆਵਾਗੌਣ, ਜਾਣਕਾਰੀ, ਸਿੱਖਿਆ, ਸਰੋਤ ਅਤੇ ਸਹਾਇਤਾ ਗਰੁੱਪ।

**Arthritis Society Canada**

**905-564-3233 | 416-979-7228 | ਟੋਲ-ਫ੍ਰੀ: 1-800-321-1433 | info@arthritis.ca**

ਗਠੀਏ ਵਾਲੇ ਲੋਕਾਂ ਦੀ ਸਹਾਇਤਾ ਕਰਨ ਲਈ ਮੁਫ਼ਤ ਆਹਮਣੇ-ਸਾਹਮਣੇ ਅਤੇ ਔਨਲਾਈਨ ਸਰੋਤ।

**Health Care Connect Ontario**

**1-888-733-1177**

ਪਰਿਵਾਰਕ ਸਿਹਤ ਸੰਭਾਲ ਪ੍ਰਦਾਨਕ ਲੱਭਣ ਲਈ ਓਨਟੈਰੀਓ ਵਾਸੀਆਂ ਦੀ ਸਹਾਇਤਾ ਕਰਨ ਵਾਸਤੇ ਲਾਂਚ ਕੀਤਾ ਗਿਆ ਇੱਕ ਮੁਫ਼ਤ ਸਰੋਤ।

**MedsCheck – ਓਨਟੈਰੀਓ**
**1-866-255-6701 | TTY: 1-800-387-5559**
ਵਡੇਰੀ ਉਮਰ ਦੇ ਬਾਲਗਾਂ ਦੀ ਡਾਕਟਰੀ ਤਜਵੀਜ਼ ਵਾਲੀ ਦਵਾਈ ਦੀਆਂ ਸਮਾਂ-ਸੂਚੀਆਂ ਦੀ ਪਾਲਣਾ ਕਰਨ ਅਤੇ ਇਸ ਚੀਜ਼ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਮਦਦ ਕਰਨ ਲਈ ਕਿ ਉਹਨਾਂ ਦੀਆਂ ਦਵਾਈਆਂ ਹੋਰ ਦਵਾਈਆਂ ਨਾਲ ਕਿਵੇਂ ਅੰਤਰਕਿਰਿਆ ਕਰ ਸਕਦੀਆਂ ਹਨ, ਫਾਰਮਾਸਿਸਟਾਂ ਅਤੇ ਯੋਗ ਮਰੀਜ਼ਾਂ ਵਿਚਕਾਰ ਇੱਕ ਇਕੱਲੇ-ਨਾਲ-ਇਕੱਲੇ ਦਾ ਸਲਾਹ-ਮਸ਼ਵਰਾ।

**Ontario Caregiver Organization**
**1-833-416-2273 | info@ontariocaregiver.ca**
ਉਹਨਾਂ ਵਿਅਕਤੀਆਂ ਲਈ ਮੁਫ਼ਤ ਜਾਣਕਾਰੀ ਅਤੇ ਸਹਾਇਤਾ ਜੋ ਕਿਸੇ ਪਰਿਵਾਰਕ ਮੈਂਬਰ, ਪਾਰਟਨਰ, ਦੋਸਤ ਜਾਂ ਗੁਆਂਢੀ ਨੂੰ ਸਰੀਰਕ ਅਤੇ ਭਾਵਨਾਤਮਕ ਸਹਾਇਤਾ ਪ੍ਰਦਾਨ ਕਰਾਉਂਦੇ ਹਨ।

**Ontario Seniors Dental Care Program**
**1-833-207-4435 | ਟੋਲ-ਫ੍ਰੀ TTY: 1-800-855-0511**
ਇੱਕ ਸਰਕਾਰੀ ਫ਼ੰਡ ਸਹਾਇਤਾ ਪ੍ਰਾਪਤ ਦੰਦਾਂ ਦੀ ਦੇਖਭਾਲ ਦਾ ਪ੍ਰੋਗਰਾਮ ਜੋ 65 ਸਾਲਾਂ ਜਾਂ ਇਸ ਤੋਂ ਵੱਡੀ ਉਮਰ ਦੇ ਘੱਟ-ਆਮਦਨ ਵਾਲੇ ਬਜ਼ੁਰਗਾਂ ਵਾਸਤੇ ਮੁਫ਼ਤ, ਰੁਟੀਨ ਦੰਦਾਂ ਦੀਆਂ ਸੇਵਾਵਾਂ ਪ੍ਰਦਾਨ ਕਰਾਉਂਦਾ ਹੈ। ਅਰਜ਼ੀਆਂ ਦੇਣਾ ਲੋੜਿਆ ਜਾਂਦਾ ਹੈ।

**Osteoporosis Canada**
**1-800-463-6842 | 519-270-7057**
ਪ੍ਰਭਾਵਿਤ ਲੋਕਾਂ ਵਾਸਤੇ ਓਸਟੀਓਪੋਰੋਸਿਸ ਬਾਰੇ ਸਿੱਖਿਆ ਅਤੇ ਜਾਣਕਾਰੀ ਅਤੇ ਨਾਲ ਹੀ ਸਰੋਤ ਅਤੇ ਸਾਥੀਆਂ ਵੱਲੋਂ ਸਹਾਇਤਾ।


Caledon \ Dufferin Victim Services

Caledon/Dufferin Victim Services supports those that have been affected by abuse, crime, crisis or tragedy. *We are here for you.*



24 905-951-3838 | 1-888-743-6496 | CDVS.CA

**Senior Pride Network Toronto**
**spntoronto@gmail.com**
ਟੋਰਾਂਟੋ ਸ਼ਹਿਰ ਵਿੱਚ ਵਡੇਰੀ ਉਮਰ ਦੇ 2SLGBTQ+ ਲੋਕਾਂ ਵਾਸਤੇ ਪ੍ਰੋਗਰਾਮਾਂ ਅਤੇ ਸੇਵਾਵਾਂ ਦਾ ਵਿਸਤਾਰ ਕਰਨ ਲਈ ਸਮਰਪਿਤ ਅੰਤਰ-ਪੀੜ੍ਹੀ ਵਿਅਕਤੀਆਂ, ਸੰਗਠਨਾਂ ਅਤੇ ਭਾਈਚਾਰਕ ਗਰੁੱਪਾਂ ਦਾ ਇੱਕ ਸਵੈਸੇਵੀਆਂ ਵੱਲੋਂ ਚਲਾਇਆ ਜਾਂਦਾ ਸੰਘ।

# ਮਾਨਸਿਕ ਸਿਹਤ ਅਤੇ ਪਦਾਰਥਾਂ ਦੀ ਵਰਤੋਂ ਸੰਬੰਧੀ ਸਰੋਤ

## ਸਥਾਨਕ ਸੇਵਾਵਾਂ

**Al-Anon Groups**
**416-410-3809 | ਟੋਲ-ਫ੍ਰੀ: 1-888-425-2666 | wso@al-anon.org | gtais.chair@gmail.com**
ਉਹਨਾਂ ਲੋਕਾਂ ਵਾਸਤੇ ਇੱਕ ਮੁਫ਼ਤ ਸਹਾਇਤਾ ਪ੍ਰੋਗਰਾਮ ਜਿਨ੍ਹਾਂ ਦੀਆਂ ਜ਼ਿੰਦਗੀਆਂ ਕਿਸੇ ਹੋਰ ਵਿਅਕਤੀ ਦੇ ਦਾਰੂ ਪੀਣ ਕਰਕੇ ਪ੍ਰਭਾਵਿਤ ਹੋਈਆਂ ਹਨ।

**Alcoholics Anonymous North Halton-Erin**
**1-866-715-0005 | webservant@aanorthhaltonerin.org**
ਇੱਕ ਮੁਫ਼ਤ, ਨਾਲ ਦੇ ਸਾਥੀਆਂ ਦੀ ਆਗਵਾਨੀ ਵਿੱਚ ਫੈਲੋਸ਼ਿਪ ਜੋ ਸ਼ਰਾਬ ਦੀ ਲਤ ਤੋਂ ਪਰਹੇਜ਼ ’ਤੇ ਆਧਾਰਿਤ ਹੈ।

**Canadian Mental Health Association (ਪੀਲ ਡਫਰਿਨ)**
**905-451-2123 | 1-877-451-2123 |**
**24/7 ਸੰਕਟਕਾਲੀ ਸਹਾਇਤਾ: 905-278-9036 or 1-888-811-2222 |**
**info@cmhapeel.ca**
ਵਕਾਲਤ, ਪ੍ਰੋਗਰਾਮ ਅਤੇ ਸਰੋਤ ਪ੍ਰਦਾਨ ਕਰਾਉਂਦੀ ਹੈ ਜੋ ਮਾਨਸਿਕ ਸਿਹਤ ਸਮੱਸਿਆਵਾਂ ਅਤੇ ਬਿਮਾਰੀਆਂ ਦੀ ਰੋਕਥਾਮ ਕਰਨ ਵਿੱਚ ਮਦਦ ਕਰਦੇ ਹਨ, ਮੁੜ-ਸਿਹਤਯਾਬੀ ਅਤੇ ਅਡੋਲਤਾ (resilience) ਵਿੱਚ ਸਹਾਇਤਾ ਕਰਦੇ ਹਨ, ਅਤੇ ਸਾਰੇ ਕੈਨੇਡੀਅਨਾਂ ਨੂੰ ਵਧਣ-ਫੁੱਲਣ ਦੇ ਯੋਗ ਬਣਾਉਂਦੇ ਹਨ।

**Gamblers Anonymous – ਗਰੇਟਰ ਟੋਰਾਂਟੋ ਏਰੀਆ**
**1-855-222-5542 | info@gatoronto.ca**
ਉਹਨਾਂ ਲੋਕਾਂ ਦੀ ਇੱਕ ਮੁਫ਼ਤ, ਅੰਤਰਰਾਸ਼ਟਰੀ ਫੈਲੋਸ਼ਿਪ ਜਿਨ੍ਹਾਂ ਵਿੱਚ ਆਵੇਗ ਵੱਸ ਜੂਏਬਾਜ਼ੀ ਦੀ ਸਮੱਸਿਆ ਹੁੰਦੀ ਹੈ। ਬਕਾਇਦਾ ਮੀਟਿੰਗਾਂ ਜੋ ਮੈਂਬਰਾਂ ਨੂੰ ਆਵੇਗਵੱਸ ਜੂਏਬਾਜ਼ੀ ਦੀ ਲਤ ਤੋਂ ਉੱਭਰਨ ਵਿੱਚ ਮਦਦ ਕਰਦੀਆਂ ਹਨ।

**Peel Addiction and Assessment Referral Centre (PAARC)**
**905-629-1007 | admin@paarc.com**
ਨਸ਼ੇ ਦੀ ਲਤ 'ਤੇ ਫੋਕਸ ਕਰਦਾ ਸਲਾਹ-ਮਸ਼ਵਰਾ, ਬਸੇਰੇ ਵਿੱਚ ਸਹਾਇਤਾ, ਅਦਾਲਤੀ ਸਹਾਇਤਾ, ਸਟ੍ਰੀਟ ਆਊਟਰੀਚ ਸੇਵਾਵਾਂ ਅਤੇ ਵਡੇਰੀ ਉਮਰ ਦੇ ਬਾਲਗਾਂ ਵਾਸਤੇ ਵਿਸ਼ੇਸ਼ ਸਹਾਇਤਾਵਾਂ।

**Rainbow Salad**
**905-361-0523 | rainbow@phan.ca**
ਇੱਕ 2SLGBTQ+ ਸਹਿਯੋਗ ਜਿਸ ਵਿੱਚ 16 ਸੰਗਠਨ ਸ਼ਾਮਲ ਹਨ ਜੋ ਭਾਈਚਾਰਕ ਸੇਵਾ ਦੇ ਖੇਤਰ ਵਿੱਚ ਕੰਮ ਕਰ ਰਹੇ ਹਨ। ਇਹ ਗਰੁੱਪ ਬਰਾਬਰਤਾ ਵਾਸਤੇ ਇੱਕ ਭਾਈਚਾਰਾ-ਆਧਾਰਿਤ ਅਤੇ ਭਾਈਚਾਰਾ-ਕੇਂਦਰਿਤ ਪਹੁੰਚ ਅਪਣਾਕੇ 2SLGBTQ+ ਦੀ ਸੰਮਿਲਨਤਾ (inclusion) ਦੀ ਵਕਾਲਤ ਕਰਦਾ ਹੈ।

## *ਪ੍ਰਾਂਤਕੀ/ਸੰਘੀ ਸੇਵਾਵਾਂ*

**Centre for Addiction and Mental Health (CAMH)**
**416-535-8501 | ਟੋਲ-ਫ੍ਰੀ: 1-800-463-2338 | info@camh.ca**
CAMH ਨੇ ਮਾਨਸਿਕ ਸਿਹਤ ਅਤੇ ਨਸ਼ੇ ਦੀ ਲਤ ਸੰਬੰਧੀ ਸੇਵਾਵਾਂ ਦੇ ਨਾਲ ਮਰੀਜ਼ ਦੀ ਤੰਦਰੁਸਤੀ ਵਿੱਚ ਸਹਾਇਤਾ ਕਰਨ ਲਈ ਕਈ ਸਾਰੇ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਸਥਾਪਤ ਕੀਤਾ ਹੈ। ਸੇਵਾਵਾਂ ਵਿੱਚ ਖੋਜ ਅਤੇ ਇੱਕ ਐਮਰਜੈਂਸੀ ਮਾਨਸਿਕ ਸਿਹਤ ਹਸਪਤਾਲ ਸ਼ਾਮਲ ਹੈ ਜੋ ਟੋਰਾਂਟੋ ਵਿੱਚ ਸਥਿਤ ਹੈ।

**Connex Ontario Health Services Information**
**519-439-0174 | ਟੋਲ-ਫ੍ਰੀ: 1-866-531-2600 | administration@connexontario.ca**
ਮਾਨਸਿਕ ਸਿਹਤ ਅਤੇ ਨਸ਼ੇ ਦੀਆਂ ਲਤਾਂ ਸੰਬੰਧੀ ਸੇਵਾਵਾਂ ਵਾਸਤੇ 24/7 ਜਾਣਕਾਰੀ ਤੱਕ ਪਹੁੰਚ।

**Mental Illness Caregivers Association of Canada**
**613-884-6422 | info@MICAontario.com**
ਪਰਿਵਾਰਕ ਮੈਂਬਰਾਂ ਅਤੇ ਦੇਖਭਾਲ ਕਰਤਾਵਾਂ ਵਾਸਤੇ ਮਾਨਸਿਕ ਸਿਹਤ ਸਰੋਤਾਂ ਅਤੇ ਸਹਾਇਤਾਵਾਂ ਤੱਕ ਮੁਫ਼ਤ ਪਹੁੰਚ।

# ਸੱਭਿਆਚਾਰਕ ਸਰੋਤ

## ਸਥਾਨਕ ਸੇਵਾਵਾਂ

**African Community Services of Peel**
**905-460-9514 | info@africancommunityservices.com**
ਪੀਲ ਅਤੇ ਇਸਦੇ ਲਾਗਲੇ ਖੇਤਰਾਂ ਵਿੱਚ ਕਾਲੇ ਅਤੇ ਅਫਰੀਕਨ ਭਾਈਚਾਰੇ ਨੂੰ ਮੁਫ਼ਤ, ਨਵੇਂ ਆਉਣ ਵਾਲੇ ਲੋਕਾਂ ਲਈ ਵਸੇਬਾ ਸੇਵਾਵਾਂ ਪ੍ਰਦਾਨ ਕਰਵਾ ਰਹੀ ਹੈ।

**Caledon Community Services - ਨਵੇਂ ਆਉਣ ਵਾਲਿਆਂ ਲਈ ਸੇਵਾਵਾਂ**
**905-584-2300 x257 | engage@ccs4u.org**
ਕੈਲੇਡਨ ਵਿਚਲੀ ਜ਼ਿੰਦਗੀ ਵਿੱਚ ਰਚਣ-ਮਿਚਣ ਵਿੱਚ ਨਵੇਂ ਆਉਣ ਵਾਲੇ ਲੋਕਾਂ ਦੀ ਮਦਦ ਕਰਨ ਲਈ ਸੇਵਾਵਾਂ ਅਤੇ ਕਲਾਸਾਂ।

**Caledon South Asian Association (CSAA)**
**info@caledonsaa.ca**
ਕੈਲੇਡਨ ਵਿੱਚ ਰਹਿ ਰਹੇ ਦੱਖਣ ਏਸ਼ੀਆਈ ਲੋਕਾਂ ਵਾਸਤੇ ਸਰੋਤਾਂ ਅਤੇ ਸੇਵਾਵਾਂ ਤੱਕ ਪਹੁੰਚ ਨੂੰ ਸੁਵਿਧਾਜਨਕ ਬਣਾਉਣ ਵਿੱਚ ਮਦਦ ਕਰਦੀ ਹੈ।

**Catholic Family Services Peel Dufferin**
**905-450-1608 | info@cfspd.com**
ਸੇਵਾਵਾਂ ਵਿੱਚ ਜੋੜਿਆਂ ਲਈ, ਵਿਅਕਤੀਗਤ ਅਤੇ ਪਰਿਵਾਰਕ ਸਲਾਹ-ਮਸ਼ਵਰਾ ਸ਼ਾਮਲ ਹਨ। ਸੇਵਾ ਵਾਸਤੇ ਫੀਸਾਂ।

**Ghandian Initiative for Development of Support Services (GIDSS)**
**647-701-1575**
ਦੱਖਣ ਏਸ਼ੀਆਈ ਭਾਈਚਾਰਿਆਂ ਲਈ ਮੁਫ਼ਤ ਪ੍ਰੋਗਰਾਮ ਅਤੇ ਸੇਵਾਵਾਂ ਜਿਵੇਂ ਕਿ ਤਕਨਾਲੋਜੀ ਪ੍ਰੋਗਰਾਮ, ਫੂਡ ਬੈਂਕ, ਸਮਾਜਕ ਪ੍ਰੋਗਰਾਮ ਅਤੇ ਹੋਰ ਬਹੁਤ ਕੁਝ।

**Newcomer Centre of Peel**
905-306-0577 | info@ncpeel.ca
ਨਵੇਂ ਆਉਣ ਵਾਲੇ ਲੋਕਾਂ ਵਾਸਤੇ ਮੁਫ਼ਤ ਅੰਗਰੇਜ਼ੀ ਭਾਸ਼ਾ ਸਿੱਖਿਆ, ਰੁਜ਼ਗਾਰ ਵਿੱਚ ਸਹਾਇਤਾ, ਸਲਾਹ-ਮਸ਼ਵਰਾ ਅਤੇ ਵਡੇਰੀ ਉਮਰ ਦੇ ਬਾਲਗਾਂ ਲਈ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੀ ਹੈ।

**Polycultural Immigrant and Community Services**
1-844-493-5839 | info@polycultural.org
ਵਡੇਰੀ ਉਮਰ ਦੇ ਬਾਲਗਾਂ ਦੀ ਭਾਗੀਦਾਰੀ ਵਧਾਉਣ ਲਈ ਅਤੇ ਕੈਨੇਡੀਅਨ ਸਮਾਜ ਦੇ ਉਤਪਾਦਕ ਮੈਂਬਰ ਬਣਨ ਵਾਸਤੇ ਬਰਾਬਰ ਦੇ ਮੌਕਿਆਂ ਨੂੰ ਯਕੀਨੀ ਬਣਾਉਣ ਲਈ ਮੁਫ਼ਤ ਵਸੇਬਾ, ਰੁਜ਼ਗਾਰ, ਭਾਸ਼ਾ ਸੇਵਾਵਾਂ ਅਤੇ ਪ੍ਰੋਗਰਾਮ।

**Punjabi Community Health Services**
905-677-0889 | info@pchs4u.com
ਗ੍ਰੇਟਰ ਟੋਰਾਂਟੋ ਏਰੀਆ ਵਿਚਲੇ ਵੱਖ-ਵੱਖ ਭਾਈਚਾਰਿਆਂ ਨੂੰ ਸਿਹਤ, ਵਸੇਬਾ ਅਤੇ ਸਮਾਜਕ ਸੇਵਾਵਾਂ ਪ੍ਰਦਾਨ ਕਰਾ ਰਹੀ ਹੈ।

**QTBIPOC sauga**
416-993-4221 | qtbipcsauga@gmail.com
ਪੀਲ ਵਿੱਚ ਕਵੀਅਰ (queer), ਕਾਲੇ, ਆਦਿਵਾਸੀ ਅਤੇ ਗੈਰ-ਗੋਰੇ ਲੋਕਾਂ ਵਾਸਤੇ ਵਕਾਲਤ ਅਤੇ ਮੁਫ਼ਤ ਸਮਾਗਮ।

**Roots Community Services**
905-455-6789 | office@rootscs.org
ਕਾਲੇ, ਅਫਰੀਕਨ ਅਤੇ ਕੈਰੀਬੀਅਨ ਭਾਈਚਾਰਿਆਂ ਨੂੰ ਸੱਭਿਆਚਾਰਕ ਤੌਰ ’ਤੇ ਸੰਵੇਦਨਸ਼ੀਲ ਅਤੇ ਸੱਭਿਆਚਾਰ ਨੂੰ ਅਮੀਰ ਬਣਾਉਣ ਵਾਲੇ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੀ ਹੈ।


Exceptional Home Care

Companion Care
Light housekeeping, meal prep, socialization, groceries

Nursing Support
In-home medical care, ostomy, wound care, medication mgmt.

Personal Care
Physical assistance, mobility, bathing, hygiene, post-op

Specialty Care
Dementia care, MVA care, respite, hospice, palliative

Right at Home® CANADA
Home Health Care & Assistance



Call us for a free, no commitment assessment
226.499.9967 | rightathomecanada.com/caledon

**South Asian Canadians Health and Social Services**
**647-523-6380 | 437-254-2794 | info@sachss.org**
ਦੱਖਣ ਏਸ਼ੀਆਈ ਮਰਦਾਂ, ਔਰਤਾਂ ਅਤੇ ਵਡੇਰੀ ਉਮਰ ਦੇ ਬਾਲਗਾਂ ਵਾਸਤੇ ਮੁਫ਼ਤ ਸੇਵਾਵਾਂ।

**The Indigenous Network**
**905-712-4726 | pan.info@icloud.com**
ਮਿਸੀਸਾਊਗਾ ਅਤੇ ਇਸਦੇ ਲਾਗਲੇ ਖੇਤਰਾਂ ਦੇ ਆਦਿਵਾਸੀ ਲੋਕਾਂ ਦੀਆਂ ਅਧਿਆਤਮਕ, ਮਾਨਸਿਕ, ਭਾਵਨਾਤਮਕ ਅਤੇ ਸਰੀਰਕ ਲੋੜਾਂ ਨਾਲ ਨਜਿੱਠਣ ਲਈ ਪ੍ਰੋਗਰਾਮ ਅਤੇ ਸੇਵਾਵਾਂ।

## *ਗੁਆਂਢੀ ਖੇਤਰ/ਪ੍ਰਾਂਤਕੀ/ਸੰਘੀ ਸੇਵਾਵਾਂ*

**2-Spirited People of the First Nations**
**416-944-9300 | info@2spirits.org**
ਆਦਿਵਾਸੀ ਲੋਕਾਂ ਵਾਸਤੇ ਮੁਫ਼ਤ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਅਧਿਆਤਮਕ ਵਕਾਲਤ, ਅਤੇ ਸਹਾਇਤਾ।

**Afghan Women's Organization**
**416-588-3585**
ਔਰਤਾਂ ਅਤੇ ਸ਼ਰਣਾਰਥੀਆਂ ਉੱਤੇ ਫੋਕਸ ਦੇ ਨਾਲ ਮੁਫ਼ਤ ਵਸੇਬਾ ਸੇਵਾਵਾਂ। ਇਹ ਸੰਗਠਨ ਅੰਗਰੇਜ਼ੀ ਦੀਆਂ ਕਲਾਸਾਂ, ਰੁਜ਼ਗਾਰ ਸੇਵਾਵਾਂ, ਵਡੇਰੀ ਉਮਰ ਦੇ ਬਾਲਗਾਂ ਲਈ ਸਮਾਜਕ ਕਿਰਿਆਵਾ ਅਤੇ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰਦਾ ਹੈ।

**Catholic Cross-Cultural Services**
**905-457-7740**
ਸਾਰੇ ਮੱਤਾਂ, ਸੱਭਿਆਚਾਰਕ-ਮੂਲਾਂ, ਮੂਲ ਦੇਸ਼ਾਂ, ਇਮੀਗ੍ਰੇਸ਼ਨ ਸਥਿਤੀ, ਜਿਨਸੀ ਝੁਕਾਓ ਜਾਂ ਰਾਜਨੀਤਕ ਨੇੜਤਾ ਵਾਲੇ ਪ੍ਰਵਾਸੀਆਂ ਅਤੇ ਸ਼ਰਣਾਰਥੀਆਂ ਦੀ ਕੈਨੇਡਾ ਵਿੱਚ ਵਸਣ, ਏਕੀਕਿਰਤ ਹੋਣ ਅਤੇ ਸਫਲ ਹੋਣ ਲਈ ਹੁਨਰ ਗਿਆਨ ਵਿਕਸਤ ਕਰਨ ਵਿੱਚ ਸਹਾਇਤਾ ਕਰਨ ਲਈ ਸੇਵਾਵਾਂ।

**Dufferin County Multicultural Foundation**
**dcmulticulturalfoundation@gmail.com**
ਮੁਫ਼ਤ ਬਹੁ-ਸੱਭਿਆਚਾਰਕ ਸਮਾਗਮਾਂ ਅਤੇ ਵਰਕਸ਼ਾਪਾਂ ਦਾ ਸਮਰਥਨ ਕਰਨ ਦੁਆਰਾ ਡਫਰਿਨ-ਕੈਲੇਡਨ ਖੇਤਰ ਵਿੱਚ ਵਿਭਿੰਨਤਾ, ਸੰਮਿਲਨਤਾ, ਬਰਾਬਰਤਾ ਅਤੇ ਹਿੱਸੇਦਾਰੀ ਨੂੰ ਵਧਾਵਾ ਦੇ ਰਹੀ ਹੈ।

**Veterans Affairs Canada**

**1-866-522-2122 | TTY: 1-833-921-0071 | information@veterans.gc.ca**

ਸਿਹਤ ਅਤੇ ਵਿੱਤੀ ਸਹਾਇਤਾ ਵਾਸਤੇ ਸਮਰਥਨ ਮੰਗਣ ਲਈ ਕੈਨੇਡੀਅਨ ਸਾਬਕਾ ਫੌਜੀਆਂ ਵਾਸਤੇ ਮੁਫ਼ਤ ਜਾਣਕਾਰੀ ਅਤੇ ਸਰੋਤ।

# ਭੋਜਨ ਅਤੇ ਪੋਸ਼ਣ ਸੰਬੰਧੀ ਸਹਾਇਤਾ

## ਸਥਾਨਕ ਸੇਵਾਵਾਂ

**Caledon Meals on Wheels**

**905-584-7651 | info@cmow.org**

ਵਡੇਰੀ ਉਮਰ ਦੇ ਬਾਲਗਾਂ ਅਤੇ ਅਪੰਗਤਾ ਵਾਲੇ ਵਿਅਕਤੀਆਂ ਵਾਸਤੇ ਗਰਮ ਅਤੇ ਫ੍ਰੋਜ਼ਨ ਖਾਣੇ ਦੀ ਡੀਲਿਵਰੀ ਵਿੱਚ ਸਹਾਇਤਾਵਾਂ।

**The Exchange Caledon**

**905-584-2300 ਐਕਸਟੈਂਸ਼ਨ 201 | ਟੋਲ-ਫ੍ਰੀ: 1-833-552-2748**

ਪ੍ਰੋਗਰਾਮਾਂ ਅਤੇ ਸਰੋਤਾਂ ਵਿੱਚ ਸ਼ਾਮਲ ਹਨ ਦੇਖਭਾਲ ਵਿੱਚ ਤਾਲਮੇਲ, ਭੋਜਨ ਵਿੱਚ ਸਹਾਇਤਾ, ਘਰ ਗਰਮ ਰੱਖਣ (heat) ਵਿੱਚ ਮਦਦ, ਮਨੋਰੰਜਨ, ਸਿੱਖਿਆ ਅਤੇ ਹੋਰ ਚੀਜ਼ਾਂ ਲਈ ਛੋਟਾਂ।

**Palgrave United Community Kitchen (PUCK)**

**905-880-0303 | info@palgravekitchen.org**

ਪ੍ਰਮਾਣਿਤ ਵਪਾਰਕ ਰਸੋਈ ਜੋ ਵਡੇਰੀ ਉਮਰ ਦੇ ਬਾਲਗਾਂ ਵਾਸਤੇ ਭੋਜਨ ਅਤੇ ਪੋਸ਼ਣ ਦੇ ਪ੍ਰੋਗਰਾਮ, ਰਸੋਈ-ਕਲਾ ਦੀਆਂ ਕਲਾਸਾਂ, ਅਤੇ ਵੱਖ-ਵੱਖ ਸਮਾਗਮ ਅਤੇ ਪ੍ਰੋਗਰਾਮ ਪ੍ਰਦਾਨ ਕਰਾਉਂਦੀ ਹੈ।

Compassionate Care in Your Home
Nursing and PSW Services
Caring Touch
HOME HEALTH CARE
416 479 4288
www.caringtouchhealth.ca

## *Neighbouring Services*

**Knights Table**

**905-454-8725**

Knights Table ਬਰੈਮਪਟਨ ਦੇ ਉਹਨਾਂ ਲੋਕਾਂ ਨੂੰ ਫੂਡ ਬੈਂਕ, ਗਰਮ ਖਾਣੇ ਅਤੇ ਹੋਰ ਸੇਵਾਵਾਂ ਪ੍ਰਦਾਨ ਕਰਵਾਕੇ ਮਦਦ ਕਰਦੀ ਹੈ ਜੋ ਭੁੱਖ, ਗਰੀਬੀ ਅਤੇ ਬੇਘਰੀ ਦੇ ਰੋਜ਼ਾਨਾ ਮਸਲਿਆਂ ਦਾ ਸਾਹਮਣਾ ਕਰਦੇ ਹਨ।

**The Lighthouse**

**519-942-0736**

ਔਰੈਂਜਵਿਲੇ ਵਿੱਚ ਸਥਿਤ ਲੋੜਵੰਦ ਲੋਕਾਂ ਵਾਸਤੇ ਮੁਫ਼ਤ, ਰੋਜ਼ਾਨਾ ਖਾਣੇ ਦਾ ਪ੍ਰੋਗਰਾਮ।

**Orangeville Food Bank**

**519-942-0638 | administration@orangevillefoodbank.org**

ਫੂਡ ਬੈਂਕ ਜੋ ਔਰੈਂਜਵਿਲੇ ਅਤੇ ਕੈਲੇਡਨ ਦੇ ਉੱਤਰੀ ਸਿਰੇ ਵਾਸਤੇ ਸੇਵਾਵਾਂ ਪ੍ਰਦਾਨ ਕਰਾਉਂਦਾ ਹੈ।

**Sai Dham Food Bank Canada**

**437-988-4422 | info@saidhamfoodbank.com**

ਮੁਫ਼ਤ ਫੂਡ ਬੈਂਕ ਜੋ ਕੈਲੇਡਨ ਅਤੇ ਹੋਰ GTA ਭਾਈਚਾਰਿਆਂ ਨੂੰ ਸੇਵਾਵਾਂ ਦਿੰਦਾ ਹੈ। ਯੋਗਤਾ ਪੂਰੀ ਕਰਨ ਵਾਲੇ ਵਡੇਰੀ ਉਮਰ ਦੇ ਬਾਲਗਾਂ ਅਤੇ ਅਪੰਗਤਾਵਾਂ ਵਾਲੇ ਵਿਅਕਤੀਆਂ ਵਾਸਤੇ ਮਾਸਿਕ ਡੀਲਿਵਰੀ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ।

**Salvation Army Orangeville Food Bank**

**519-943-1203 | newhopecc@salvationarmy.ca**

ਕਿਸੇ ਵੀ ਲੋੜਵੰਦ ਵਾਸਤੇ ਸੰਕਟਕਾਲੀ ਭੋਜਨ ਅਤੇ ਕੱਪੜਿਆਂ ਸੰਬੰਧੀ ਸਹਾਇਤਾਵਾਂ।




If you want to keep an aging loved one safe at home, Home Instead® can help.

Home Instead

(905) 463-0860 · HomeInstead.com/3019

Each Home Instead® office is an independently owned and operated franchise of Home Instead, Inc., an Honor Company. © 2023 Home Instead, Inc.

# ਆਦਰ ਅਤੇ ਸੰਮਿਲਨਤਾ

ਇੱਕ ਸੰਮਿਲਤ ਭਾਈਚਾਰਾ ਵਡੇਰੀ ਉਮਰ ਦੇ ਬਾਲਗਾਂ ਨੂੰ ਸਮਾਜਕ, ਨਾਗਰਿਕ ਅਤੇ ਆਰਥਿਕ ਜੀਵਨ ਵਿੱਚ ਭਾਗ ਲੈਣ ਲਈ ਉਤਸ਼ਾਹਤ ਕਰਦਾ ਹੈ। ਉਮਰ-ਅਨੁਕੂਲਿਤ ਪਹਿਲਕਦਮੀਆਂ ਤੁਹਾਨੂੰ ਆਹਰੇ ਲਾਈ ਰੱਖਣ ਅਤੇ ਅਹਿਮੀਅਤ ਦਿੱਤੀ ਜਾਂਦੀ ਮਹਿਸੂਸ ਕਰਨ ਵਿੱਚ ਮਦਦ ਕਰਦੀਆਂ ਹਨ।

## ਸਥਾਨਕ ਸੇਵਾਵਾਂ

**Credit River Métis Council**
**905-450-4844 | crmcoutreach@gmail.com**
ਹਾਲਟਨ ਅਤੇ ਪੀਲ ਭਾਈਚਾਰਿਆਂ ਵਿੱਚ ਮੇਯਟਿਸ ਵਸਨੀਕਾਂ ਵਾਸਤੇ ਪ੍ਰਤੀਨਿਧਤਾ।

**Dufferin County Cultural Resource Circle**
**519-216-8909 | secretary@dccrc.ca**
ਆਦਿਵਾਸੀ ਸੱਭਿਆਚਾਰ ਦਾ ਪ੍ਰਚਾਰ ਅਤੇ ਡਫਰਿਨ ਕਾਊਂਟੀ ਅਤੇ ਇਲਾਕਾ ਨਿਵਾਸੀਆਂ ਵਾਸਤੇ ਮੁਫ਼ਤ ਸਿੱਖਿਆ ਦੇ ਮੌਕੇ।

**Regional Diversity Roundtable (RDR)**
**905-232-7371 | rdr@regionaldiversityroundtable.org**
RDR ਵਿਭਿੰਨਤਾ ਭਰਪੂਰ ਅਤੇ ਬਰਾਬਰੀਯੋਗ ਹੋਣ ਵਾਸਤੇ ਸੰਗਠਨਾਂ ਅਤੇ ਸੰਸਥਾਵਾਂ ਦਾ ਸਮਰਥਨ ਕਰਨ ਵਿੱਚ ਮੋਹਰੀ ਹੈ।

## ਪ੍ਰਾਂਤਕੀ/ਸੰਘੀ ਸੇਵਾਵਾਂ

**Canadian Association of Retired Persons (CARP)**
**1-833-211-2277 | support@carp.ca | advocacy@carp.ca**
ਕੌਮੀ ਸੰਘ ਜੋ ਕੈਨੇਡਾ ਵਿੱਚ ਰਿਟਾਇਰ ਹੋ ਚੁੱਕੇ ਲੋਕਾਂ ਵਾਸਤੇ ਸਮਾਜਕ ਤਬਦੀਲੀ ਅਤੇ ਸੁਧਾਰਾਂ ਵਾਸਤੇ ਵਕਾਲਤ ਕਰਦਾ ਹੈ।

# ਭਾਗੀਦਾਰੀ

ਭਾਈਚਾਰੇ ਵਿੱਚ ਫੁਰਸਤ ਦੇ ਪਲਾਂ, ਸਮਾਜਕ, ਸੱਭਿਆਚਾਰਕ ਅਤੇ ਅਧਿਆਤਮਕ ਸਰਗਰਮੀਆਂ ਵਿੱਚ ਭਾਗ ਲੈਣਾ ਤੁਹਾਨੂੰ ਆਹਰੇ ਲਾਈ ਰੱਖਕੇ ਅਤੇ ਸੂਚਿਤ ਕਰਕੇ ਸਮਾਜ ਵਿੱਚ ਨਿਰੰਤਰ ਏਕੀਕਰਨ ਨੂੰ ਤੂਲ ਦੇ ਸਕਦਾ ਹੈ। ਅਸੀਂ ਹੇਠਾਂ ਉਹ ਪ੍ਰੋਗਰਾਮ, ਕਲੱਬਾਂ ਅਤੇ ਗਰੁੱਪ ਪ੍ਰਦਾਨ ਕੀਤੇ ਹਨ ਜਿਨ੍ਹਾਂ ਦੀ ਕੈਲੇਡਨ ਵਿੱਚ ਵਰਤਮਾਨ ਸਮੇਂ ਪੇਸ਼ਕਸ਼ ਕੀਤੀ ਜਾਂਦੀ ਹੈ।

**Town of Caledon Recreation Services**
**311 | recreation@caledon.ca**
ਟਾਊਨ ਸਮੁੱਚੇ ਟਾਊਨ ਵਿੱਚ ਵੱਖ-ਵੱਖ ਸੁਵਿਧਾਵਾਂ ਵਿਖੇ ਕਈ ਕਿਸਮ ਦੀਆਂ ਸਰਗਰਮੀਆਂ ਅਤੇ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ। 55+ ਉਮਰ ਦੇ ਵਸਨੀਕਾਂ ਵਾਸਤੇ ਪ੍ਰੋਗਰਾਮਾਂ ਦੀ ਪੇਸ਼ਕਸ਼ 20% ਛੋਟ ਵਾਲੇ ਰੇਟ 'ਤੇ ਕੀਤੀ ਜਾਂਦੀ ਹੈ ਅਤੇ ਕੁਝ ਸੇਵਾਵਾਂ ਦੀ ਪੇਸ਼ਕਸ਼ ਬਿਨਾਂ ਕਿਸੇ ਲਾਗਤ ਦੇ ਕੀਤੀ ਜਾਂਦੀ ਹੈ।

## ਸਰਵਿਸ ਕਲੱਬਾਂ ਅਤੇ ਭਾਈਚਾਰਕ ਗਰੁੱਪ

**Bolton and District Probus Club**
**info@probusbolton.ca**
ਮਾਸਿਕ ਇਕੱਤਰਤਾਵਾਂ ਜੋ ਰਿਟਾਇਰ ਹੋ ਚੁੱਕੇ ਵਿਅਕਤੀਆਂ ਵਾਸਤੇ ਜਾਣਕਾਰੀ ਸਾਂਝੀ ਕਰਨ ਅਤੇ ਸਮਾਜਕ ਸ਼ਮੂਲੀਅਤ ਦਾ ਸਮਰਥਨ ਕਰਦੀਆਂ ਹਨ।

**Bolton Italian Cultural Centre**
**647-531-4975 | info@boltonitalianclub.ca**
ਕੈਲੇਡਨ ਵਿੱਚ ਰਹਿ ਰਹੇ ਵਡੇਰੀ ਉਮਰ ਦੇ ਬਾਲਗਾਂ ਵਾਸਤੇ ਸਿਹਤਮੰਦ ਤਰੀਕੇ ਨਾਲ ਬੁੱਢੇ ਹੋਣ, ਸੁਤੰਤਰਤਾ ਅਤੇ ਤੰਦਰੁਸਤੀ ਨੂੰ ਵਧਾਵਾ ਦਿੰਦਾ ਹੈ।

**Bolton Kin**
**boltonkin@gmail.com**
Bolton Kin ਦੇ ਵਲੰਟੀਅਰ ਅਤੇ ਪ੍ਰੋਜੈਕਟ ਕੈਲੇਡਨ ਭਾਈਚਾਰੇ ਨੂੰ ਨਵੀਂ ਨੁਹਾਰ ਦੇਣ ਵਿੱਚ ਮਦਦ ਕਰਦੇ ਹਨ।

**Brampton-Caledon Community Living**

**905-857-9691 | TTY: 905-456-6911 |**
**info@bramptoncaledoncl.ca**

ਵਿਕਾਸ ਸੰਬੰਧੀ ਅਪੰਗਤਾਵਾਂ ਵਾਲੇ ਬਾਲਗਾਂ ਵਾਸਤੇ ਪ੍ਰੋਗਰਾਮ, ਸਹਾਇਤਾਵਾਂ ਅਤੇ ਸੇਵਾਵਾਂ।

**Caledon Community Services - ਵਿਸ਼ੇਸ਼ੱਗ ਕਲੀਨਿਕ**

**905-854-2300 | info@ccs4u.org**

ਵਡੇਰੀ ਉਮਰ ਦੇ ਬਾਲਗਾਂ ਲਈ ਸਮਾਜਕ ਪ੍ਰੋਗਰਾਮ ਜਿਨ੍ਹਾਂ ਦੀ ਪੇਸ਼ਕਸ਼ ਸਮੁੱਚੇ ਕੈਲੇਡਨ ਵਿੱਚ 55+ ਸਾਲਾਂ ਦੇ ਵਸਨੀਕਾਂ ਵਾਸਤੇ ਕੀਤੀ ਜਾਂਦੀ ਹੈ। ਬੋਲਟਨ ਵਿੱਚ ਸਥਿਤ ਇੱਕ ਵਿਸ਼ੇਸ਼ੱਗ ਕਲੀਨਿਕ ਜੋ ਡਾਕਟਰੀ ਅਤੇ ਜਾਣਕਾਰੀ ਸੰਬੰਧੀ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ।

**Caledon East Seniors Club**

**905-584-0591**

ਯੂਕਰ (euchre) ਖੇਡਣ ਵਿੱਚ ਰੁਚੀ ਰੱਖਦੇ ਵਿਅਕਤੀਆਂ ਵਾਸਤੇ ਕੈਲੇਡਨ ਈਸਟ ਵਿੱਚ ਸਥਿਤ ਹਫਤਾਵਾਰੀ ਸਮਾਜਕ ਇਕੱਤਰਤਾ।


CALEDON SENIORS CENTRE
FOR THE 55 PLUS

BUILDING A BETTER FUTURE FOR SENIORS

OPEN MON – FRI 8:30 AM – 4:00 PM
WEEKEND & EVENINGS PROGRAMS AVAILABLE

Offering satellite programs in ***6 locations*** across Caledon.
For more information **call 905-951-6114, 905-586-6114**
or **visit www.caledonseniors.ca.**

Offering programs for **older adults 55+**.
Aimed to **INSPIRE, ENGAGE, AND CONNECT**.

Caledon Seniors Centre is a not for profit organization.

**Charitable Registration # 89221 6375 RR0002**

SCAN ME!

IN PARTNERSHIP WITH

Ontario TOWN OF CALEDON CALEDON SENIORS CENTRE Health & Wellness 55+

Located at **Rotary Place: 7 Rotarian Way, Bolton, ON L7E 1Y2**

**Caledon Meals on Wheels**

**905-857-7651 | info@cmow.org**

55+ ਸਾਲਾਂ ਦੇ ਉਹਨਾਂ ਨਿਵਾਸੀਆਂ ਵਾਸਤੇ ਮੁਫ਼ਤ, ਹਫਤਾਵਾਰੀ ਭਾਈਚਾਰਕ ਪ੍ਰੋਗਰਾਮ ਜੋ ਮੋਨੋ ਹਿਲਜ਼, ਪਾਲਗਰੇਵ, ਚੈਲਟਨਹੈਮ ਅਤੇ ਵੈਲੀਵੁੱਡ ਵਿਖੇ ਸਥਿਤ ਹਨ।

**Caledon Seniors Council**

**905-584-0591**

ਮਹਿਮਾਨ ਬੁਲਾਰਿਆਂ, ਸਮਾਜਕ ਕਾਰਡਾਂ ਅਤੇ ਹਫਤਾਵਾਰੀ ਲੰਚਾਂ ਵਿੱਚ ਰੁਚੀ ਰੱਖਦੇ ਵਿਅਕਤੀਆਂ ਵਾਸਤੇ ਕੈਲੇਡਨ ਈਸਟ ਵਿੱਚ ਸਥਿਤ ਹਫਤਾਵਾਰੀ ਸਮਾਜਕ ਇਕੱਤਰਤਾਵਾਂ।

**Lions Club of Caledon**

**519-927-5330 | dcunningham49@yahoo.ca**

ਵਲੰਟੀਅਰਾਂ ਦਾ ਇੱਕ ਨੈੱਟਵਰਕ ਜੋ ਭਾਈਚਾਰੇ ਵਿਚਲੀਆਂ ਚੁਣੌਤੀਆਂ ਹੱਲ ਕਰਨ ਲਈ ਮਿਲਕੇ ਕੰਮ ਕਰਦੇ ਹਨ।

**Orangeville and District Seniors Centre**

**519-941-6012 | orangevilleseniorscentre@gmail.com**

55+ ਸਾਲਾਂ ਦੇ ਵਸਨੀਕਾਂ ਵਾਸਤੇ ਸਮਾਜਕ ਅਤੇ ਫਿੱਟਨੈੱਸ ਪ੍ਰੋਗਰਾਮ।

**Palgrave United Community Kitchen (PUCK)**

**905-880-0303 | info@palgravekitchen.org**

55+ ਸਾਲਾਂ ਦੇ ਸਥਾਨਕ ਵਸਨੀਕਾਂ ਵਾਸਤੇ ਮੁਫ਼ਤ, ਹਫਤਾਵਾਰੀ ਕੁਰਸੀ ਯੋਗਾ ਅਤੇ ਨੋਰਡਿਕ ਵਾਕਿੰਗ ਪ੍ਰੋਗਰਾਮ। ਰਜਿਸਟ੍ਰੇਸ਼ਨ ਲੋੜੀਂਦੀ ਹੈ।

**Local Rotary Clubs**

**ਬੋਲਟਨ – boltonrotary@gmail.com**


**ਪਾਲਗਰੇਵ – 647-616-9100 | membership@palgraverotary.ca**

ਹੋਰਨਾਂ ਨੂੰ ਸੇਵਾ ਪ੍ਰਦਾਨ ਕਰਾਉਂਦੀ ਹੈ, ਅਖੰਡਤਾ ਦਾ ਪ੍ਰਚਾਰ ਕਰਦੀ ਹੈ ਅਤੇ ਕਾਰੋਬਾਰ, ਪੇਸ਼ੇਵਰਾਨਾ ਅਤੇ ਭਾਈਚਾਰਕ ਲੀਡਰਾਂ ਦੇ ਰਾਹੀਂ ਸਮਝ, ਨੇਕ-ਨੀਅਤ ਅਤੇ ਸ਼ਾਂਤੀ ਨੂੰ ਅੱਗੇ ਵਧਾਉਂਦੀ ਹੈ।

**Royal Canadian Legion – Alton Branch**
**519-942-4021 | br449alton@gmail.com**
ਕੈਲੇਡਨ ਵਿੱਚ ਆਖਰੀ ਬਚਿਆ ਲੀਜ਼ਨ ਜੋ ਭਾਈਚਾਰਕ ਭਾਵਨਾ ਪ੍ਰਦਾਨ ਕਰਾਉਣ ਦੁਆਰਾ ਸਥਾਨਕ ਫੌਜੀਆਂ ਨੂੰ ਸਹਾਇਤਾ ਦਿੰਦਾ ਹੈ। ਹਫਤਾਵਾਰੀ ਸਮਾਜਕ ਪ੍ਰੋਗਰਾਮ ਅਤੇ ਵਿਸ਼ੇਸ਼ ਸਮਾਗਮ ਲੀਜ਼ਨ ਦੇ ਮੈਂਬਰਾਂ ਅਤੇ ਜਨਤਾ ਲਈ ਖੁੱਲ੍ਹੇ ਹਨ।

**White Birch Special Needs Day Program**
**416-918-8711 | whitebirchdayprogram@gmail.com**
ਵਿਸ਼ੇਸ਼ ਲੋੜਾਂ ਵਾਲੇ ਬਾਲਗਾਂ ਵਾਸਤੇ ਸਥਾਨਕ ਦੈਨਿਕ ਪ੍ਰੋਗਰਾਮ। ਇਹ ਪ੍ਰੋਗਰਾਮ ਭਾਗੀਦਾਰਾਂ ਨੂੰ ਜੀਵਨ ਅਤੇ ਸਮਾਜਕ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ।

**Women's Probus Club of Caledon**
**lesandlorna@gmail.com**
ਪ੍ਰੋਬਸ (probus) ਕਲੱਬਾਂ ਅਰਧ-ਰਿਟਾਇਰ ਅਤੇ ਰਿਟਾਇਰ ਹੋ ਚੁੱਕੇ ਉਹਨਾਂ ਲੋਕਾਂ ਵਾਸਤੇ ਬਕਾਇਦਾ ਇਕੱਤਰਤਾਵਾਂ ਪ੍ਰਦਾਨ ਕਰਾਉਂਦੀਆਂ ਹਨ ਜੋ ਆਪਣੇ ਵਰਗੀਆਂ ਰੁਚੀਆਂ ਵਾਲੇ ਹੋਰ ਲੋਕਾਂ ਨੂੰ ਮਿਲਣ ਦੇ ਮੌਕਿਆਂ ਨੂੰ ਅਹਿਮੀਅਤ ਦਿੰਦੇ ਹਨ।



# ਸੁਰੱਖਿਆ ਅਤੇ ਪਹੁੰਚਯੋਗਤਾ

## ਟਾਊਨ ਪ੍ਰੋਗਰਾਮ ਅਤੇ ਸੇਵਾਵਾਂ

ਟਾਊਨ ਇਹ ਯਕੀਨੀ ਬਣਾਉਣ ਲਈ ਹੇਠ ਲਿਖੇ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ ਕਿ ਵਸਨੀਕ ਆਪਣੇ ਖੁਦ ਦੇ ਘਰ ਵਿੱਚ ਸੁਰੱਖਿਅਤ ਹੋਣ ਅਤੇ ਲੋੜ ਪੈਣ 'ਤੇ ਸੇਵਾਵਾਂ ਤੱਕ ਪਹੁੰਚ ਕਰਨ ਦੇ ਯੋਗ ਹੋਣ।

**Older Adult Home Safety Program**

**905-584-2272 ਐਕਸਟੈਂਸ਼ਨ 4303 | fire@caledon.ca**

ਆਪਣੇ ਖੁਦ ਦੇ ਘਰਾਂ ਵਿੱਚ ਰਹਿਣ ਵਾਲੇ 65+ ਸਾਲਾਂ ਦੇ ਵਸਨੀਕਾਂ ਵਾਸਤੇ ਇੱਕ ਮੁਫ਼ਤ ਘਰੇਲੂ ਸੁਰੱਖਿਆ ਪ੍ਰੋਗਰਾਮ। ਇਸ ਵਿੱਚ ਯੋਗਤਾ ਪ੍ਰਾਪਤ ਅੱਗ ਦੇ ਮਾਹਰ ਕਰਮਚਾਰੀਆਂ ਦੁਆਰਾ ਇੱਕ ਫਾਇਰ ਸੇਫਟੀ ਪਲਾਨ, ਧੂੰਏਂ ਅਤੇ ਕਾਰਬਨ ਡਾਇਆਕਸਾਈਡ ਅਲਾਰਮ ਦੀਆਂ ਜਾਂਚਾਂ ਅਤੇ ਘਰ ਦੀ ਸਲਾਮਤੀ ਦੀ ਸਮੀਖਿਆ ਸ਼ਾਮਲ ਹਨ।

**Snow Removal Financial Assistance Program**

**311 | adult55@caledon.ca**

ਸਨੋਅ ਹਟਾਉਣ ਸੰਬੰਧੀ ਸੇਵਾਵਾਂ ਵਿੱਚ ਸਹਾਇਤਾ ਦੀ ਲਾਗਤ ਦੀ ਪੂਰਤੀ ਕਰਨ ਲਈ ਘੱਟ-ਆਮਦਨ ਵਾਲੇ 65+ ਸਾਲਾਂ ਦੇ ਵਡੇਰੀ ਉਮਰ ਦੇ ਬਾਲਗਾਂ ਜਾਂ ਘੱਟ-ਆਮਦਨ ਵਾਲੇ ਸਰੀਰਕ ਅਪੰਗਤਾ ਵਾਲੇ ਵਿਅਕਤੀਆਂ ਲਈ ਸਾਲਾਨਾ ਵਿੱਤੀ ਗ੍ਰਾਂਟ।

## ਪਹੁੰਚਯੋਗਤਾ ਸੇਵਾਵਾਂ ਅਤੇ ਸਹਾਇਤਾਵਾਂ

**Assistive Devices Program – ਓਨਟੈਰੀਓ**

**416-327-8804 | ਟੋਲ-ਫ੍ਰੀ: 1-800-268-6021 |
TTY: 416-327-4282 | ਟੋਲ-ਫ੍ਰੀ TTY: 1-800-387-5559 |
assistivedevicesprogram@opddp.ca | adp@ontario.ca**

ਵੀਲ੍ਹਚੇਅਰਾਂ, ਨਹਾਉਣ ਲਈ ਕੁਰਸੀਆਂ, ਆਦਿ ਵਰਗੀਆਂ ਸਹਾਇਤਾਕਾਰੀ ਡੀਵਾਈਸਾਂ ਖਰੀਦਣ ਲਈ ਲੋਕਾਂ ਵਾਸਤੇ ਵਿੱਤੀ ਸਹਾਇਤਾ।

**Canadian Hearing Services**

**1-866-518-0000 | TTY: 1-877-215-9530 | info@chs.ca**

ਘਰ, ਸਕੂਲ ਅਤੇ ਕੰਮ 'ਤੇ ਸੰਚਾਰ ਸੰਬੰਧੀ ਰੁਕਾਵਟਾਂ ਨੂੰ ਹਟਾਉਣ ਵਿੱਚ ਮਦਦ ਕਰਨ ਲਈ ਬੋਲ਼ੇ ਜਾਂ ਉੱਚਾ ਸੁਣਨ ਵਾਲੇ ਲੋਕਾਂ ਵਾਸਤੇ ਸੇਵਾਵਾਂ, ਉਤਪਾਦਾਂ ਅਤੇ ਜਾਣਕਾਰੀ ਦੀ ਪੇਸ਼ਕਸ਼ ਕਰਦੀ ਹੈ।

**Canadian National Institute for the Blind**

**1-800-563-2642 | info@cnib.ca**

ਕਾਢਕਾਰੀ ਪ੍ਰੋਗਰਾਮ ਅਤੇ ਸ਼ਕਤੀਸ਼ਾਲੀ ਵਕਾਲਤ ਜੋ ਅੰਨ੍ਹੇਪਣ ਤੋਂ ਪ੍ਰਭਾਵਿਤ ਲੋਕਾਂ ਨੂੰ ਆਪਣੇ ਸੁਪਨੇ ਸਾਕਾਰ ਕਰਨ ਅਤੇ ਸੰਮਿਲਨਤਾ ਦੇ ਰਾਹ ਵਿਚਲੇ ਰੋੜੇ ਹਟਾਉਣ ਲਈ ਸ਼ਕਤੀ-ਸੰਪੰਨ ਬਣਾਉਂਦੀ ਹੈ।

**Lions Dog Guides of Canada**

**905-842-2891 | TTY: (905) 842-1585 | ਟੋਲ-ਫ੍ਰੀ: 1-800-768-3030 | info@dogguides.com | client-services@dogguides.com**

ਇੱਕ ਗਾਈਡ ਡਾੱਗ ਪ੍ਰਦਾਨ ਕਰਵਾਕੇ ਅਪੰਗਤਾਵਾਂ ਅਤੇ ਡਾਕਟਰੀ ਸਮੱਸਿਆਵਾਂ ਨਾਲ ਜੀਵਨ ਬਸਰ ਕਰ ਰਹੇ ਕੈਨੇਡੀਅਨਾਂ ਨੂੰ ਸ਼ਕਤੀ-ਸੰਪੰਨ ਬਣਾਉਂਦੀ ਹੈ ਤਾਂ ਜੋ ਉਹ ਆਪਣੇ ਸੰਸਾਰ ਵਿੱਚ ਆਤਮ-ਵਿਸ਼ਵਾਸ ਅਤੇ ਸੁਤੰਤਰਤਾ ਨਾਲ ਵਿਚਰ ਸਕਣ।

**March of Dimes**

**1-866-765-7237 | adp@marchofdimes.ca**

ਸਰੀਰਕ ਅਪੰਗਤਾਵਾਂ ਵਾਲੇ ਵਿਅਕਤੀਆਂ ਵਾਸਤੇ ਆਪਣੇ ਘਰਾਂ ਵਿੱਚ ਸੋਧ ਕਰਨ ਜਾਂ ਸਹਾਇਤਾਕਾਰੀ ਡੀਵਾਈਸਾਂ ਹਾਸਲ ਕਰਨ ਲਈ ਵਿੱਤੀ ਸਹਾਇਤਾ।

**Ontario Disability Support Program**

**ਟੋਲ-ਫ੍ਰੀ: 1-888-999-1142 | ਟੋਲ-ਫ੍ਰੀ TTY: 1-800-387-5559**

ਉਹਨਾਂ ਵਿਅਕਤੀਆਂ ਲਈ ਵਿੱਤੀ ਸਹਾਇਤਾ ਜਿਨ੍ਹਾਂ ਨੂੰ ਕੋਈ ਸਰੀਰਕ ਅਪੰਗਤਾ ਜਾਂ ਬੌਧਿਕ ਵਿਕਾਰ ਹੈ ਅਤੇ ਜੋ ਕੰਮ ਕਰਨ ਦੇ ਅਯੋਗ ਹਨ।

# ਕਨੂੰਨੀ ਸੇਵਾਵਾਂ ਅਤੇ ਸਹਾਇਤਾਵਾਂ

## ਸਥਾਨਕ ਸੇਵਾਵਾਂ

**E FRY Hope and Help for Women**
**905-459-1315 | efryhope@efryhope.com**
ਅਪਰਾਧਕ ਨਿਆਂ ਪ੍ਰਣਾਲੀ ਵਿੱਚ ਸ਼ਾਮਲ ਜਾਂ ਹਿੰਸਾ ਜਾਂ ਤਸਕਰੀ ਤੋਂ ਬਚਕੇ ਭੱਜੀਆ ਔਰਤਾਂ ਵਾਸਤੇ ਸਹਾਇਤਾ, ਸੇਵਾਵਾਂ ਅਤੇ ਪ੍ਰੋਗਰਾਮ।

**John Howard Society Peel-Dufferin**
**ਬਰੈਮਪਟਨ: 905-459-0111 | ਔਰੈਂਜਵਿਲੇ: 519-940-4656 | brampton@johnhowardphd.ca | orangevillecourt@johnhowardphd.ca**
ਓਨਟੈਰੀਓ ਵਿੱਚ ਅਪਰਾਧਕ ਨਿਆਂ ਪ੍ਰਣਾਲੀ ਵਿੱਚ ਪ੍ਰਭਾਵਿਤ ਜਾਂ ਸੰਮਿਲਤ ਵਿਅਕਤੀਆਂ ਵਾਸਤੇ ਸੇਵਾਵਾਂ ਅਤੇ ਵਕਾਲਤ।

**North Peel and Dufferin Community Legal Services**
**905-455-0160 | ਡਫਰਿਨ ਕਾਊਂਟੀ ਤੋਂ ਟੌਲ-ਫ੍ਰੀ: 1-866-455-0160 | info@npdcls.clcj.ca**
ਘੱਟ-ਆਮਦਨ ਵਾਲੇ ਉਹਨਾਂ ਵਿਅਕਤੀਆਂ ਦਾ ਸਮਰਥਨ ਕਰਨ ਵਾਲਾ ਕਨੂੰਨੀ ਸਹਾਇਤਾ ਕਲੀਨਿਕ ਜਿਨ੍ਹਾਂ ਨੂੰ ਬਰੈਮਪਟਨ, ਕੈਲੇਡਨ ਅਤੇ ਡਫਰਿਨ ਖੇਤਰ ਵਿੱਚ ਕਨੂੰਨੀ ਸਹਾਇਤਾ ਦੀ ਲੋੜ ਹੈ।

## ਪ੍ਰਾਂਤਕੀ/ਸੰਘੀ ਸੇਵਾਵਾਂ

**Advocacy Centre for the Elderly (ACE)**
**416-598-2656 | 1-855-598-2656**
ਸਿਹਤ-ਸੰਭਾਲ ਬਾਰੇ ਰਜ਼ਾਮੰਦੀ, ਬਦਲਵੇਂ ਵਿਅਕਤੀ ਵੱਲੋਂ ਫੈਸਲਾ-ਕਰਨ, ਲੰਬੀ-ਮਿਆਦ ਦੀ ਦੇਖਭਾਲ, ਘਰ ਅਤੇ ਭਾਈਚਾਰੇ ਵਿੱਚ ਦੇਖਭਾਲ ਅਤੇ ਹੋਰ ਕਈ ਕੁਝ ਸੰਬੰਧੀ ਵਡੇਰੀ ਉਮਰ ਦੇ ਬਾਲਗਾਂ ਵਾਸਤੇ ਮੁਫ਼ਤ ਕਨੂੰਨੀ ਸਹਾਇਤਾ।

**Canadian Anti-Fraud Centre**

**1-888-495-8501**

ਜਾਣਕਾਰੀ ਇਕੱਤਰ ਕਰਦੀ ਹੈ ਅਤੇ ਧੋਖਾਧੜੀ ਅਤੇ ਧੋਖਾਧੜੀ ਦੀ ਰੋਕਥਾਮ ਬਾਰੇ ਮੁਫ਼ਤ ਜਾਣਕਾਰੀ ਪ੍ਰਦਾਨ ਕਰਦੀ ਹੈ।

**Care Watch Ontario**

**416-590-0455 | info@carewatchontario.com**

ਓਨਟੈਰੀਓ ਵਿਚਲੇ ਦੇਖਭਾਲ ਘਰਾਂ ਵਿੱਚ ਰਹਿ ਰਹੇ ਵਿਅਕਤੀਆਂ ਦੇ ਅਧਿਕਾਰਾਂ ਲਈ ਵਕਾਲਤ।

**Crimestoppers**

**1-800-222-8477 | information@canadiancrimestoppers.ca**

ਉਹਨਾਂ ਅਪਰਾਧਾਂ ਬਾਰੇ ਗੁੰਮਨਾਮ ਸੂਹਾਂ ਅਤੇ ਜਾਣਕਾਰੀ ਇਕੱਤਰ ਕਰਦੀ ਹੈ ਜਿਨ੍ਹਾਂ ਦੀ ਜਾਂਚ ਪੁਲਿਸ ਵੱਲੋਂ ਕੀਤੀ ਜਾ ਸਕਦੀ ਹੈ।

**Human Rights Legal Support Centre**

**416-597-4900 | ਟੋਲ-ਫ੍ਰੀ: 1-866-625-5179 | TTY: 416-597-4903 | TTY ਟੋਲ-ਫ੍ਰੀ: 1-866 612-8627 | accommodation@hrlsc.on.ca | notices@hrlsc.on.ca**

ਓਨਟੈਰੀਓ ਦੇ ਮਨੁੱਖੀ ਅਧਿਕਾਰਾਂ ਦੇ ਕੋਡ ਤਹਿਤ ਭੇਦਭਾਵ ਦਾ ਸਾਹਮਣਾ ਕਰ ਰਹੇ ਕਿਸੇ ਵੀ ਵਿਅਕਤੀ ਨੂੰ ਮਨੁੱਖੀ ਅਧਿਕਾਰ ਅਤੇ ਕਨੂੰਨੀ ਸਲਾਹ ਅਤੇ ਸਹਾਇਤਾ ਸੇਵਾਵਾਂ ਦੀ ਪੇਸ਼ਕਸ਼ ਕਰਦੀ ਹੈ।




# ਭਾਈਚਾਰਕ ਸ਼ਮੂਲੀਅਤ



## ਕੈਲੇਡਨ ਵਿੱਚ ਸਵੈਸੇਵੀ ਬਣਨਾ

ਸਮੁੱਚੇ ਕੈਲੇਡਨ ਵਿੱਚ ਕਈ ਸੇਵਾਵਾਂ ਅਤੇ ਸੰਗਠਨ ਵਲੰਟੀਅਰ ਬਣਨ ਦੇ ਚਾਹਵਾਨ ਵਿਅਕਤੀਆਂ ਦੀ ਤਲਾਸ਼ ਕਰ ਰਹੇ ਹਨ। ਵਡੇਰੀ ਉਮਰ ਦੇ ਬਾਲਗਾਂ ਕੋਲ ਜ਼ਿੰਦਗੀ ਦਾ ਤਜ਼ਰਬਾ ਹੁੰਦਾ ਹੈ ਜੋ ਭਾਈਚਾਰਕ ਪ੍ਰੋਗਰਾਮਾਂ, ਸੇਵਾਵਾਂ ਅਤੇ ਸਥਾਨਕ ਨੌਜਵਾਨਾਂ ਨੂੰ ਲਾਭ ਪਹੁੰਚਾਏਗਾ। ਵਲੰਟੀਅਰ ਮੇਲਜੋਲ ਕਰਦੇ ਹਨ ਅਤੇ ਆਪਣੇ ਭਾਈਚਾਰੇ ਨਾਲ ਆਹਰੇ ਲਗਦੇ ਹਨ, ਇਸ ਨਾਲ ਅਲਹਿਦਗੀ ਅਤੇ ਇਸ ਕਰਕੇ ਹੋਣ ਵਾਲੇ ਸਿਹਤ ਪ੍ਰਭਾਵਾਂ ਦਾ ਜੋਖ਼ਮ ਘਟ ਜਾਂਦਾ ਹੈ।

ਕੈਲੇਡਨ ਟਾਊਨ ਵਿੱਚ ਵਲੰਟੀਅਰ ਬਣਨ ਦੇ ਵਿਕਲਪ ਉਪਲਬਧ ਹਨ, ਜਿਸ ਵਿੱਚ ਜਾਨਵਰਾਂ ਸੰਬੰਧੀ ਸੇਵਾਵਾਂ, ਜਲ-ਸਰਗਰਮੀਆਂ, ਮਨੋਰੰਜਨ, Health and Wellness Ambassador ਪ੍ਰੋਗਰਾਮ ਅਤੇ ਲਾਇਬ੍ਰੇਰੀ ਵਿਖੇ ਪਦਵੀਆਂ ਸ਼ਾਮਲ ਹਨ। ਕੈਲੇਡਨ ਟਾਊਨ ਵਿੱਚ ਵਲੰਟੀਅਰ ਬਣਨ ਦੇ ਮੌਕਿਆਂ ਬਾਰੇ ਹੋਰ ਜਾਣਨ ਲਈ, ਕਿਰਪਾ ਕਰਕੇ 311 'ਤੇ ਕਾਲ ਕਰੋ ਜਾਂ peopleservices@caledon.ca. 'ਤੇ ਈਮੇਲ ਕਰੋ।

## ਭਾਈਚਾਰੇ ਵਿੱਚ ਸਵੈਸੇਵੀ ਬਣਨ ਦੇ ਮੌਕੇ

ਆਪਣੇ ਨੇੜੇ ਵਲੰਟੀਅਰ ਪਦਵੀਆਂ ਦਾ ਪਤਾ ਲਾਉਣ ਲਈ, ਕਿਰਪਾ ਕਰਕੇ **Volunteer MBC** ਨਾਲ ਸੰਪਰਕਕਰੋ – ਜੋ ਇੱ ਕਵਲੰਟੀਅਰ ਤਾਲਮੇਲ ਸੇਵਾ ਹੈ।:
**905-238-2622 | info@volunteermbc.org**

ਤੁਸੀਂ ਕਿਸੇ ਸੇਵਾ ਪ੍ਰਦਾਨਕ, ਗੈਰ-ਮੁਨਾਫਾ ਸੰਗਠਨ, ਮੱਤ ਗਰੁੱਪ, ਬਾਲ-ਸੰਭਾਲ ਕੇਂਦਰ ਜਾਂ ਆਪਣੇ ਨੇੜੇ ਕਿਸੇ ਹੋਰ ਸੇਵਾਵਾਂ ਨਾਲ ਇਹ ਦੇਖਣ ਲਈ ਸਿੱਧਾ ਸੰਪਰਕ ਵੀ ਕਰ ਸਕਦੇ ਹੋ ਕਿ ਕੀ ਉਹਨਾਂ ਨੂੰ ਵਲੰਟੀਅਰ ਸਹਾਇਤਾ ਦੀ ਲੋੜ ਹੈ।

# ਰੁਜ਼ਗਾਰ ਵਿੱਚ ਸਹਾਇਤਾਵਾਂ

ਕੀ ਤੁਸੀਂ ਜਾਣਦੇ ਹੋ? 60 ਸਾਲ ਤੋਂ ਵੱਡੀ ਉਮਰ ਦੇ ਵਿਅਕਤੀ Canada Pension Plan (CPP) ਵਾਸਤੇ ਯੋਗਤਾ ਪੂਰੀ ਕਰਦੇ ਹਨ – ਜੋ ਇੱਕ ਮਾਸਿਕ, ਟੈਕਸਯੋਗ ਪੈਨਸ਼ਨ ਹੈ ਜੋ ਤੁਹਾਡੀ ਆਮਦਨ ਵਿੱਚੋਂ ਕੁਝ ਹਿੱਸੇ ਦੀ ਥਾਂ ਲੈਂਦੀ ਹੈ ਜਦ ਤੁਸੀਂ ਰਿਟਾਇਰ ਹੁੰਦੇ ਹੋ। Old Age Security ਇੱਕ ਵਾਧੂ ਮਾਸਿਕ ਭੁਗਤਾਨ ਹੈ ਜਿਸ ਵਾਸਤੇ ਤੁਸੀਂ ਇਸ ਆਧਾਰ ’ਤੇ ਯੋਗਤਾ ਪੂਰੀ ਕਰ ਸਕਦੇ ਹੋ ਕਿ ਤੁਸੀਂ ਕਿੰਨ੍ਹੇ ਕੁ ਸਮੇਂ ਤੋਂ ਕੈਨੇਡਾ ਵਿੱਚ ਰਹਿ ਰਹੇ ਹੋ। ਘੱਟ-ਆਮਦਨ ਵਾਲੇ ਵਿਅਕਤੀਆਂ ਵਾਸਤੇ, ਤੁਸੀਂ Guaranteed Income Supplement (GIS) ਵਾਸਤੇ ਵੀ ਯੋਗਤਾ ਪੂਰੀ ਕਰ ਸਕਦੇ ਹੋ।

ਵਧੇਰੇ ਜਾਣਨ ਲਈ ਕਿਰਪਾ ਕਰਕੇ Service Canada ਨਾਲ 1-800-277-9914 ’ਤੇ ਸੰਪਰਕ ਕਰੋ (ਟੋੱਲ-ਫ੍ਰੀ) ਜਾਂ ਆਪਣੇ ਸਭ ਤੋਂ ਨੇੜਲੇ Service Canada ਦਫਤਰ ਵਿਖੇ ਜਾਓ।

**Caledon Chamber of Commerce**
**905-857-7393 | info@caledonchamberofcommerce.ca**
Caledon Chamber of Commerce ਕੈਲੇਡਨ ਦੇ ਕਾਰੋਬਾਰਾਂ ਅਤੇ ਉਦਯੋਗਪਤੀਆਂ ਵਾਸਤੇ ਇੱਕ ਸਰੋਤ ਹੈ। ਇਸ ਚੈਂਬਰ ਦਾ ਉਦੇਸ਼ ਇੱਕ ਉਸਾਰੂ ਕਾਰੋਬਾਰੀ ਮਹੌਲ ਬਣਾਉਣਾ ਅਤੇ ਨਿਵੇਸ਼, ਵਸਨੀਕਤਾ ਅਤੇ ਸੈਰ-ਸਪਾਟੇ ਲਈ ਖੇਤਰ ਦਾ ਪ੍ਰਚਾਰ ਕਰਨਾ ਹੈ।

**Indus Community Services**
**905-275-2369 | info@induscs.ca**
ਕੈਨੇਡਾ ਵਿੱਚ ਨਵੇਂ ਆਉਣ ਵਾਲਿਆਂ ਵਾਸਤੇ ਰੁਜ਼ਗਾਰ ਵਿੱਚ ਸਹਾਇਤਾ, ਸਮੁੱਚਾ ਬਿਉਰਾ (resume) ਲਿਖਣ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਸਹਾਇਤਾ।

**Jobs Caledon**
**905-584-2300 | info@ccs4u.org**
ਨੌਕਰੀ ਤਲਾਸ਼ਣ ਵਾਲਿਆਂ ਅਤੇ ਸਥਾਨਕ ਕਾਰੋਬਾਰਾਂ ਨੂੰ ਸਿਖਲਾਈ ਪ੍ਰੋਗਰਾਮਾਂ, ਸਰਕਾਰੀ ਗ੍ਰਾਂਟਾਂ ਅਤੇ ਲਾਭਾਂ, ਨੌਕਰੀ ਦਾ ਮੇਲ ਕਰਾਉਣ ਵਾਲੇ ਅਤੇ ਹੋਰ ਟੂਲਾਂ ਨਾਲ ਕਨੈਕਟ ਕਰਦੀ ਹੈ।

**Ontario Works**
**ਟੋੱਲ-ਫ੍ਰੀ: 1-888-999-1142 | ਟੋੱਲ-ਫ੍ਰੀ TTY: 1-800-387-5559**
ਯੋਗ ਵਸਨੀਕਾਂ ਨੂੰ ਥੋੜ੍ਹੀ ਮਿਆਦ ਲਈ ਵਿੱਤੀ ਸਹਾਇਤਾ, ਲਾਭ ਅਤੇ ਰੁਜ਼ਗਾਰ ਸਹਾਇਤਾ ਪ੍ਰਦਾਨ ਕਰਾਉਂਦੀ ਹੈ।

# ਨੋਟ-ਕਥਨ

# ਨੋਟ-ਕਥਨ

ਇਸ ਡਾਇਰੈਕਟਰੀ ਨੂੰ Caledon Seniors Centre ਅਤੇ Age-Friendly Task Force ਦੇ ਮੈਂਬਰਾਂ ਨਾਲ ਭਾਈਵਾਲੀ ਵਿੱਚ ਵਿਕਸਿਤ ਕੀਤਾ ਗਿਆ ਸੀ। ਅਸੀਂ ਹਰ ਉਸ ਵਿਅਕਤੀ ਦਾ ਧੰਨਵਾਦ ਕਰਨਾ ਚਾਹਾਂਗੇ ਜਿਸਨੇ ਇਸ ਸਰੋਤ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਜਾਂ ਸਹਾਇਤਾ ਕਰਨ ਲਈ ਸਮਾਂ ਕੱਢਿਆ।

311 | adult55@caledon.ca | www.caledon.ca/adult55

TOWN OF CALEDON

Age-Friendly Caledon